30-DEC-PAGE-1.qxd 12/29/2023 9:55 PM Page 1

ਸ਼ਨੀਵਾਰ, 30 ਦਸੰਬਰ, 2023
15 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 210

ਨਵਾਂ ਜ਼ਮਾਨਾ

DAILY NAWAN ZAMANA • SATURDAY, 30 DECEMBER, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਡੋਂਗ ਜੁਨ ਚੀਨ ਦੇ ਨਵੇਂ ਰੱਖਿਆ ਮੰਤਰੀ

ਬੀਜਿੰਗ : ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਡੋਂਗ ਜੁਨ (62) ਨੂੰ ਨਵਾਂ ਰੱਖਿਆ ਮੰਤਰੀ ਨਿਯੁਕਤ ਕੀਤਾ ਹੈ। ਉਹ ਦੋ ਮਹੀਨੇ ਪਹਿਲਾਂ ਹਟਾਏ ਗਏ ਲੀ ਸ਼ੰਗਫੂ ਦੀ ਥਾਂ ਲੈਣਗੇ। ਡੋਂਗ ਇਸ ਤੋਂ ਪਹਿਲਾਂ ਨੇਵੀ ਚੀਫ ਸਨ। ਉਹ ਪੀਪਲਜ਼ ਲਿਬਰੇਸ਼ਨ ਆਰਮੀ ਦੀਆਂ ਸਾਰੀਆਂ ਪ੍ਰਮੁੱਖ ਡਵੀਜ਼ਨਾਂ ਵਿਚ ਸੇਵਾਵਾਂ ਦੇ ਚੁੱਕੇ ਹਨ।

ਜਗਦੀਸ਼ ਪੰਧੇਰ ਕੈਨੇਡਾ ਜਾ ਕੇ ਵੀ ਨਹੀਂ ਟਲਿਆ !

ਟੋਰਾਂਟੋ : ਕੈਨੇਡਾ ਦੇ ਓਂਟਾਰੀਓ ਸੂਬੇ 'ਚ ਹਾਲ ਹੀ ਦੇ ਮਹੀਨਿਆਂ ਦੌਰਾਨ ਮੰਦਰਾਂ 'ਚ ਚੋਰੀਆਂ ਦੇ ਮਾਮਲੇ ਸੰਬੰਧੀ ਭਾਰਤੀ ਮੂਲ ਦੇ 41 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬਰੈਂਪਟਨ ਦੇ ਜਗਦੀਸ਼ ਪੰਧੇਰ ਨੂੰ ਕਈ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਵੇਲੇ ਉਸ ਦੀ ਜ਼ਮਾਨਤ ਦੀ ਸੁਣਵਾਈ ਚੱਲ ਰਹੀ ਹੈ। ਜਾਂਚਕਰਤਾਵਾਂ ਨੇ ਪੰਧੇਰ ਨੂੰ ਪੂਰੇ ਸਾਲ ਦੌਰਾਨ ਹਿੰਦੂ ਮੰਦਰਾਂ 'ਚ ਚੋਰੀਆਂ ਸੰਬੰਧੀ ਕਾਬੂ ਕੀਤਾ ਹੈ।

ਕੈਨੇਡਾ 'ਚ ਮੰਦਰ ਪ੍ਰਧਾਨ ਦੇ ਬੇਟੇ ਦੇ ਘਰ 'ਤੇ ਫਾਇਰਿੰਗ

ਸਰੀ : ਇੱਥੇ ਲਕਸ਼ਮੀ ਨਾਰਾਇਣ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ ਦੇ ਬੇਟੇ ਦੇ ਘਰ ਦੋ ਕਾਰਾਂ ਵਿਚ ਆਏ ਲੋਕਾਂ ਨੇ ਫਾਇਰਿੰਗ ਕੀਤੀ। ਕਾਰ ਤੇ ਗੈਰਾਜ 'ਤੇ ਗੋਲੀਆਂ ਲੱਗੀਆਂ। ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਸਤੀਸ਼ ਕੁਮਾਰ ਨੇ ਦੱਸਿਆ ਕਿ ਜੇ ਖਾਲਿਸਤਾਨੀ ਹਮਲਾ ਕਰਦੇ ਤਾਂ ਉਨ੍ਹਾ ਨੂੰ ਨਿਸ਼ਾਨਾ ਬਣਾਉਂਦੇ, ਕਿਉਂਕਿ ਬੇਟਾ ਮੰਦਰ ਦੇ ਕਿਸੇ ਕੰਮ ਵਿਚ ਸ਼ਾਮਲ ਨਹੀਂ। ਇਸ ਕਰਕੇ ਅਜੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ। ਪੁਲਸ ਜਾਂਚ ਕਰ ਰਹੀ ਹੈ। ਪੁਲਸ ਜਾਂਚ ਵਿਚ ਕੁਝ ਸਮਾਂ ਲੈਂਦੀ ਹੈ। ਉਮੀਦ ਹੈ ਸਥਿਤੀ ਛੇਤੀ ਸਾਫ ਹੋ ਜਾਵੇਗੀ।

ਆਬਾਦੀ 'ਚ ਸਾਢੇ 7 ਕਰੋੜ ਦਾ ਵਾਧਾ

ਵਾਸ਼ਿੰਗਟਨ : ਵਿਸ਼ਵ ਦੀ ਆਬਾਦੀ 'ਚ ਇਸ ਸਾਲ 7.5 ਕਰੋੜ ਦਾ ਵਾਧਾ ਹੋਇਆ ਹੈ ਅਤੇ ਨਵੇਂ ਸਾਲ ਵਾਲੇ ਦਿਨ ਕੁੱਲ ਵਿਸ਼ਵ ਆਬਾਦੀ 8 ਅਰਬ ਤੋਂ ਵੱਧ ਹੋਣ ਦਾ ਅਨੁਮਾਨ ਹੈ। ਅਮਰੀਕੀ ਜਨਗਣਨਾ ਬਿਊਰੋ ਵੱਲੋਂ ਜਾਰੀ ਅੰਕੜਿਆਂ ਪਿਛਲੇ ਸਾਲ ਦੁਨੀਆ ਭਰ 'ਚ ਆਬਾਦੀ ਵਾਧੇ ਦੀ ਦਰ ਇੱਕ ਫੀਸਦੀ ਤੋਂ ਵੀ ਘੱਟ ਸੀ। 2024 ਦੀ ਸ਼ੁਰੂਆਤ ਤੱਕ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਦੁਨੀਆ ਭਰ 'ਚ ਹਰ ਸੈਕਿੰਡ 'ਚ 4.3 ਲੋਕ ਪੈਦਾ ਹੋਣਗੇ ਅਤੇ ਦੋ ਵਿਅਕਤੀ ਮਰਨਗੇ।

ਮੋਸਾਦ ਨਾਲ ਸੰਬੰਧਾਂ ਦੇ ਦੋਸ਼ 'ਚ 4 ਈਰਾਨੀਆਂ ਨੂੰ ਫਾਂਸੀ

ਤਹਿਰਾਨ : ਇਜ਼ਰਾਈਲ ਦੀ ਸੂਹੀਆ ਏਜੰਸੀ ਮੋਸਾਦ ਨਾਲ ਕਥਿਤ ਸੰਬੰਧਾਂ ਦੇ ਦੋਸ਼ 'ਚ ਈਰਾਨ ਨੇ ਸ਼ੁੱਕਰਵਾਰ ਇਕ ਔਰਤ ਸਣੇ ਚਾਰ ਵਿਅਕਤੀਆਂ ਨੂੰ ਫਾਂਸੀ ਦੇ ਦਿੱਤੀ ਤੇ ਕਈ ਹੋਰਨਾਂ ਨੂੰ ਜੇਲ੍ਹ ਭੇਜ ਦਿੱਤਾ। ਚਾਰਾਂ 'ਤੇ ਖੁਫੀਆ ਜਾਣਕਾਰੀ ਪ੍ਰਾਪਤ ਕਰਨ ਲਈ ਕਈ ਈਰਾਨੀ ਜਵਾਨਾਂ ਨੂੰ ਅਗਵਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਉਨ੍ਹਾਂ 'ਤੇ ਈਰਾਨ ਦੇ ਕੁਝ ਖੁਫੀਆ ਏਜੰਟਾਂ ਦੀਆਂ ਕਾਰਾਂ ਅਤੇ ਅਪਾਰਟਮੈਂਟਾਂ ਨੂੰ ਅੱਗ ਲਾਉਣ ਦਾ ਵੀ ਦੋਸ਼ ਸੀ।

ਕੋਰੋਨਾ ਦੇ 797 ਨਵੇਂ ਮਾਮਲੇ

ਨਵੀਂ ਦਿੱਲੀ : ਦੇਸ਼ 'ਚ ਪਿਛਲੇ 24 ਘੰਟਿਆਂ 'ਚ ਕੋਵਿਡ-19 ਦੇ 797 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 4,091 ਹੋ ਗਈ ਹੈ। ਇਸ ਸਾਲ 19 ਮਈ ਤੋਂ ਬਾਅਦ ਇੱਕ ਦਿਨ 'ਚ ਸਾਹਮਣੇ ਆਏ ਕੋਰੋਨਾ ਦੇ ਇਹ ਸਭ ਤੋਂ ਵੱਧ ਮਾਮਲੇ ਹਨ। ਸ਼ੁੱਕਰਵਾਰ ਸਵੇਰੇ 8 ਵਜੇ ਤੱਕ ਦੇ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ 'ਚ ਪੰਜ ਮੌਤਾਂ ਹੋਈਆਂ ਹਨ।

ਖੜਗੇ, ਸੋਨੀਆ ਅਯੁੱਧਿਆ ਜਾਣ ਦਾ ਫੈਸਲਾ ਢੁਕਵੇਂ ਸਮੇਂ 'ਤੇ ਲੈਣਗੇ

ਨਵੀਂ ਦਿੱਲੀ : ਕਾਂਗਰਸ ਨੇ ਕਿਹਾ ਹੈ ਕਿ 22 ਜਨਵਰੀ ਨੂੰ ਅਯੁੱਧਿਆ ਵਿਚ ਰਾਮ ਮੰਦਰ ਦੇ ਉਦਘਾਟਨ ਸਮਾਰੋਹ ਲਈ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਸੋਨੀਆ ਗਾਂਧੀ ਨੂੰ ਸੱਦਾ ਪੱਤਰ ਮਿਲਿਆ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਇਸ ਬਾਰੇ ਉਹ ਢੁਕਵੇਂ ਸਮੇਂ 'ਤੇ ਆਪਣਾ ਫੈਸਲਾ ਦੱਸਣਗੇ।

ਸੁਕੰਨਿਆ ਸਮ੍ਰਿਧੀ 'ਤੇ ਵਿਆਜ ਵਧਿਆ

ਨਵੀਂ ਦਿੱਲੀ : ਸਰਕਾਰ ਨੇ ਸੁਕੰਨਿਆ ਸਮ੍ਰਿਧੀ ਯੋਜਨਾ (ਤਿੰਨ ਸਾਲਾਂ ਦੀ ਫਿਕਸਡ ਡਿਪਾਜ਼ਿਟ) 'ਤੇ ਵਿਆਜ ਦਰ 0.20 ਫੀਸਦੀ ਵਧਾ ਦਿੱਤੀ ਹੈ, ਪਰ ਹੋਰ ਛੋਟੀਆਂ ਬੱਚਤ ਯੋਜਨਾਵਾਂ 'ਤੇ ਦਰਾਂ ਪਹਿਲਾਂ ਵਾਂਗ ਹੀ ਰਹਿਣਗੀਆਂ।

26 ਜਨਵਰੀ ਨੂੰ ਦੇਸ਼-ਭਰ 'ਚ ਟਰੈਕਟਰ ਮਾਰਚ

10 ਤੋਂ 20 ਜਨਵਰੀ ਤੱਕ ਕਾਰਪੋਰੇਟਾਂ ਦੀ ਪ੍ਰਿਤਪਾਲਕ ਸਰਕਾਰ ਖਿਲਾਫ ਜਨ-ਜਾਗਰਣ ਮੁਹਿੰਮ

ਨਵੀਂ ਦਿੱਲੀ : ਸੰਯੁਕਤ ਕਿਸਾਨ ਮੋਰਚਾ ਨੇ ਆਪਣੀਆਂ ਮੰਗਾਂ ਮਨਾਉਣ ਲਈ ਸੰਘਰਸ਼ ਨੂੰ ਤੇਜ਼ ਕਰਦਿਆਂ ਗਣਤੰਤਰ ਦਿਵਸ 'ਤੇ ਦੇਸ਼ ਦੇ ਘੱਟੋ-ਘੱਟ 500 ਜ਼ਿਲ੍ਹਿਆਂ ਵਿਚ ਟਰੈਕਟਰ ਮਾਰਚ ਕੱਢਣ ਦਾ ਐਲਾਨ ਕੀਤਾ ਹੈ। ਇਹ ਮਾਰਚ ਦਿੱਲੀ 'ਚ ਗਣਤੰਤਰ ਦਿਵਸ ਦੀ ਸਰਕਾਰੀ ਪਰੇਡ ਤੋਂ ਬਾਅਦ ਕੀਤਾ ਜਾਵੇਗਾ। ਮਾਰਚ ਵਿਚ ਕਿਸਾਨ ਜਥੇਬੰਦੀਆਂ ਦੇ ਝੰਡਿਆਂ ਦੇ ਨਾਲ-ਨਾਲ ਕੌਮੀ ਝੰਡੇ ਵੀ ਲਹਿਰਾਉਣਗੇ। ਕਿਸਾਨ ਭਾਰਤ ਦੇ ਸੰਵਿਧਾਨ ਵਿਚ ਦਰਜ ਜਮਹੂਰੀਅਤ, ਫੈਡਰਲਿਜ਼ਮ, ਧਰਮਨਿਰਲੇਪਤਾ ਤੇ ਸਮਾਜਵਾਦ ਦੇ ਸਿਧਾਂਤਾਂ ਦੀ ਰਾਖੀ ਦਾ ਸੰਕਲਪ ਲੈਣਗੇ। ਟਰੈਕਟਰਾਂ ਦੇ ਨਾਲ-ਨਾਲ ਹੋਰ ਵਾਹਨ, ਬਾਈਕਾਂ ਤੇ ਸਕੂਟਰ ਵੀ ਮਾਰਚ ਵਿਚ ਸ਼ਾਮਲ ਹੋਣਗੇ। ਮੋਰਚੇ ਦੀ ਵੀਰਵਾਰ ਇੱਥੇ ਹੋਈ ਆਲ ਇੰਡੀਆ ਜਨਰਲ ਬਾਡੀ ਮੀਟਿੰਗ ਵਿਚ ਇਹ ਫੈਸਲਾ ਵੀ ਕੀਤਾ ਗਿਆ ਕਿ ਕਿਸਾਨ ਤੇ ਮਜ਼ਦੂਰ 10 ਤੋਂ 20 ਜਨਵਰੀ ਤੱਕ 20 ਰਾਜਾਂ ਵਿਚ ਘਰ-ਘਰ ਜਾ ਕੇ ਪਰਚੇ ਵੰਡ ਕੇ ਵੱਡੇ ਪੈਮਾਨੇ 'ਤੇ ਜਨ-ਜਾਗਰਣ ਮੁਹਿੰਮ ਚਲਾਉਣਗੇ। ਕਿਸਾਨ ਤੇ ਮਜ਼ਦੂਰ ਘਰਾਂ ਵਿਚ ਪਰਚੇ ਵੰਡਦਿਆਂ ਆਰ ਐੱਸ ਐੱਸ ਤੇ ਭਾਜਪਾ ਦੀ ਸਰਪ੍ਰਸਤੀ ਹੇਠ ਕਾਰਪੋਰੇਟਾਂ ਵੱਲੋਂ ਮਚਾਈ ਜਾ ਰਹੀ ਲੁੱਟ ਖਿਲਾਫ ਲੋਕਾਂ ਨੂੰ ਜਾਗਰੂਕ ਕਰਨਗੇ। ਦੇਸ਼ ਦੇ 30 ਕਰੋੜ 40 ਲੱਖ ਘਰਾਂ ਵਿੱਚੋਂ ਘੱਟੋ-ਘੱਟ 40 ਫੀਸਦੀ ਕਵਰ ਕਰਨ ਦਾ ਟੀਚਾ ਹੈ। ਇਸ ਮੁਹਿੰਮ ਦੀ ਤਿਆਰੀ ਲਈ ਸੂਬਾ ਪੱਧਰੀ ਤਾਲਮੇਲ ਕਮੇਟੀਆਂ ਤੁਰੰਤ ਬੈਠਕਾਂ ਕਰਨਗੀਆਂ। ਮੋਰਚੇ ਨੇ ਕੇਂਦਰ ਸਰਕਾਰ 'ਤੇ ਕਾਰਪੋਰੇਟ ਹਮਾਇਤੀ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਹੈ—ਸਾਡਾ ਉਦੇਸ਼ ਉਨ੍ਹਾਂ ਆਰਥਕ ਨੀਤੀਆਂ ਨੂੰ ਉਜਾਗਰ ਕਰਨਾ ਹੈ, ਜਿਹੜੀਆਂ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਦੇ ਹਿੱਤਾਂ ਦੇ ਖਿਲਾਫ ਹਨ, ਜਿਸ ਨਾਲ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ, ਬੇਕਾਬੂ ਮਹਿੰਗਾਈ, ਗਰੀਬੀ ਤੇ ਕਰਜ਼ਿਆਂ ਦਾ ਸ਼ਿਕਾਰ ਹਨ ਅਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਬੇਲਗਾਮ ਹਿਜਰਤ ਹੋ ਰਹੀ ਹੈ। ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਪ੍ਰਮੁੱਖ ਮੰਗਾਂ ਵਿਚ ਸ਼ਾਮਲ ਹਨ : ਸਾਰੀਆਂ ਫਸਲਾਂ ਦੀ ਖਰੀਦ ਲਈ 'ਸੀ 2 ਜਮ੍ਹਾਂ 50 ਫੀਸਦੀ' ਦੀ ਦਰ ਨਾਲ ਘੱਟੋ-ਘੱਟ ਇਮਦਾਦੀ ਭਾਅ ਦੀ ਕਾਨੂੰਨ ਗਰੰਟੀ, ਕਰਜ਼ਾ ਮੁਆਫੀ, ਬਿਜਲੀ ਦਾ ਨਿੱਜੀਕਰਨ ਰੋਕਣਾ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਬਰਖਾਸਤਗੀ ਅਤੇ ਉਸ ਖਿਲਾਫ ਕੇਸ ਚਲਾਉਣਾ ਸ਼ਾਮਲ ਹਨ। ਮੋਰਚੇ ਨੇ ਕਿਹਾ ਹੈ ਕਿ ਸਾਰੀਆਂ ਮੰਗਾਂ ਪੂਰੀਆਂ ਕਰਾਉਣ ਤੱਕ ਤਿੱਖਾ ਸੰਘਰਸ਼ ਜਾਰੀ ਰਹੇਗਾ।

10 ਹਜ਼ਾਰ ਦਾ ਲਾਲਚ ਮਹਿੰਗਾ ਪਿਆ

ਅੰਮ੍ਰਿਤਸਰ : ਇੱਥੋਂ ਦੇ ਹਵਾਈ ਅੱਡੇ ਵਿਖੇ ਤਾਇਨਾਤ ਕਸਟਮ ਵਿਭਾਗ ਨੇ ਦੁਬਈ ਤੋਂ ਪੁੱਜੇ ਯਾਤਰੀ ਕੋਲੋਂ ਸਾਢੇ 67 ਲੱਖ ਰੁਪਏ ਦਾ ਕਿਲੋ ਤੋਂ ਵੱਧ ਸੋਨਾ ਬਰਾਮਦ ਕੀਤਾ। ਮੁਲਜ਼ਮ ਕੋਲੋਂ ਪੇਸਟ ਦੇ ਰੂਪ 'ਚ 1698.2 ਗ੍ਰਾਮ ਸੋਨਾ ਬਰਾਮਦ ਹੋਇਆ, ਜਿਸ ਨੂੰ ਉਸ ਨੇ ਪੀਲੇ ਰੰਗ ਦੇ ਪੈਕਟ 'ਚ ਛੁਪਾਇਆ ਹੋਇਆ ਸੀ ਅਤੇ ਪੈਂਟ ਦੀ ਬੈਲਟ 'ਚ ਲੁਕਾਇਆ ਹੋਇਆ ਸੀ। ਸੋਨੇ ਦੀ ਪੇਸਟ ਨੂੰ ਸ਼ੁੱਧ ਸੋਨੇ 24 ਕੈਰਟ ਦੇ ਰੂਪ 'ਚ ਤਬਦੀਲ ਕੀਤਾ ਗਿਆ ਤਾਂ ਇਹ 1068 ਗਰਾਮ ਨਿਕਲਿਆ। ਇਸ ਦਾ ਬਾਜ਼ਾਰੀ ਮੁੱਲ 67 ਲੱਖ 60 ਹਜ਼ਾਰ 440 ਰੁਪਏ ਬਣਦਾ ਹੈ। ਮੁਲਜ਼ਮ ਨੇ ਦੱਸਿਆ ਕਿ ਉਸ ਨੂੰ ਇਹ ਸੋਨਾ ਭਾਰਤ ਲਿਆਉਣ ਵਾਸਤੇ 10 ਹਜ਼ਾਰ ਰੁਪਏ ਦਿੱਤੇ ਗਏ ਸਨ।

ਝਾਕੀਆਂ ਰੱਦ ਕਰਨਾ ਬਦਲੇ ਦੀ ਕਾਰਵਾਈ : ਭਾਰਦਵਾਜ

ਨਵੀਂ ਦਿੱਲੀ : ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਸ਼ੁੱਕਰਵਾਰ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕੌਮੀ ਰਾਜਧਾਨੀ ਦਿੱਲੀ ਤੇ ਪੰਜਾਬ 'ਚ ਸੱਤਾਧਾਰੀ 'ਆਪ' ਤੋਂ ਬਦਲਾ ਲੈਣ ਲਈ ਗਣਤੰਤਰ ਦਿਵਸ ਪਰੇਡ ਲਈ ਇਨ੍ਹਾਂ ਦੋਵਾਂ ਰਾਜਾਂ ਦੀ ਝਾਕੀ ਨੂੰ ਰੱਦ ਕੀਤਾ ਹੈ। ਇਥੇ ਪ੍ਰੈੱਸ ਕਾਨਫਰੰਸ 'ਚ ਭਾਰਦਵਾਜ ਨੇ ਕਿਹਾ ਕਿ ਕੇਂਦਰ ਤਿੰਨ ਸਾਲਾਂ ਤੋਂ ਦਿੱਲੀ ਦੀ ਝਾਕੀ ਨੂੰ ਰੱਦ ਕਰਦਾ ਆ ਰਿਹਾ ਹੈ। ਪਿਛਲੀ ਵਾਰ ਗਣਤੰਤਰ ਦਿਵਸ ਪਰੇਡ 'ਚ ਦਿੱਲੀ ਦੀ ਝਾਕੀ 2021 ਵਿੱਚ ਦਿਖਾਈ ਗਈ ਸੀ।

ਜਾਖੜ ਝੂਠੇ, ਦੋਸ਼ ਸਾਬਤ ਕਰ ਦੇਣ ਤਾਂ ਸਿਆਸਤ ਛੱਡ ਦੇਵਾਂਗਾ : ਮਾਨ

ਚੰਡੀਗੜ੍ਹ : ਆਪਣੇ ਨਿੱਜੀ ਪ੍ਰਚਾਰ ਲਈ ਸੂਬੇ ਦੀ ਝਾਕੀ ਦੀ ਵਰਤੋਂ ਕਰਨ ਦੇ ਦੋਸ਼ ਲੱਗਣ ਤੋਂ ਇਕ ਦਿਨ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਦੋਸ਼ ਸਾਬਤ ਕਰਨ ਲਈ ਚੁਣੌਤੀ ਦਿੱਤੀ ਤੇ ਕਿਹਾ ਕਿ ਜੇ ਇਹ ਗੱਲ ਸਾਬਤ ਹੋ ਗਈ ਤਾਂ ਉਹ ਸਿਆਸਤ ਛੱਡ ਦੇਣਗੇ। ਮਾਨ ਨੇ ਜਾਖੜ ਦੇ ਇਸ ਦਾਅਵੇ ਨੂੰ ਝੂਠਾ ਕਰਾਰ ਦਿੱਤਾ ਕਿ ਉਨ੍ਹਾ ਦੀ ਸਰਕਾਰ ਗਣਤੰਤਰ ਦਿਵਸ ਦੀ ਪਰੇਡ ਦੀ ਝਾਕੀ 'ਤੇ ਮਾਨ ਅਤੇ ਅਰਵਿੰਦ ਕੇਜਰੀਵਾਲ ਦੀਆਂ ਫੋਟੋਆਂ ਪ੍ਰਦਰਸ਼ਤ ਕਰਨਾ ਚਾਹੁੰਦੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਜਾਖੜ ਨੇ ਵੀਰਵਾਰ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਇਹ ਦੋਸ਼ ਲਾਏ ਤਾਂ ਉਹ ਇੰਝ ਹਕਲਾ ਰਹੇ ਸਨ, ਜਿਵੇਂ ਕੋਈ ਝੂਠਾ ਹਕਲਾਉਂਦਾ ਹੈ। ਮਾਨ ਨੇ ਕਿਹਾ—ਮੈਨੂੰ ਜਾਖੜ ਨਾਲ ਹਮਦਰਦੀ ਹੈ, ਕਿਉਂਕਿ ਉਹ ਹਾਲ ਹੀ 'ਚ ਭਾਜਪਾ 'ਚ ਸ਼ਾਮਲ ਹੋਏ ਹਨ ਅਤੇ ਉਨ੍ਹਾ ਨੂੰ ਭਾਜਪਾ ਵੱਲੋਂ ਦਿੱਤੀ ਸਕ੍ਰਿਪਟ ਪੜ੍ਹਨੀ ਹੀ ਪਵੇਗੀ।

ਮੁੱਖ ਮੰਤਰੀ ਪਰਵਾਸੀ ਭਾਰਤੀਆਂ ਨਾਲ ਵਿਸ਼ੇਸ਼ ਮੀਟਿੰਗਾਂ ਕਰਨਗੇ

ਲੁਧਿਆਣਾ : ਮੁੱਖ ਮੰਤਰੀ ਭਗਵੰਤ ਮਾਨ ਨੇ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੇ ਜਲਦੀ ਨਿਬੇੜੇ ਲਈ ਨਵੀਂ ਵੈੱਬਸਾਈਟ ਲਾਂਚ ਕੀਤੀ ਹੈ। ਇੱਥੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾ 3 ਫਰਵਰੀ ਤੋਂ ਸੂਬੇ ਭਰ ਦੇ ਪਰਵਾਸੀ ਭਾਰਤੀਆਂ ਨਾਲ ਵਿਸ਼ੇਸ਼ ਮੀਟਿੰਗਾਂ ਕਰਨ ਦਾ ਐਲਾਨ ਕੀਤਾ। ਮਾਨ ਨੇ ਅਧਿਕਾਰੀਆਂ ਨੂੰ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਦਾ ਜਲਦੀ ਨਿਬੇੜਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਪੰਜਾਬੀਆਂ ਦੀ ਮਦਦ ਅਤੇ ਸਹੂਲਤ ਲਈ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਸਹਾਇਤਾ ਕੇਂਦਰ ਖੋਲ੍ਹਣ ਦਾ ਵੀ ਐਲਾਨ ਕੀਤਾ।

ਪੰਜਾਬ 'ਚ ਸੜਕ ਹਾਦਸਿਆਂ 'ਚ ਮੌਤਾਂ ਦੀ ਗਿਣਤੀ 'ਚ ਕਮੀ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਵਿੱਚ ਸਾਲ 2021 ਦੇ ਮੁਕਾਬਲੇ 2022 ਦੌਰਾਨ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ 'ਚ 0.24 ਫੀਸਦ ਦੀ ਕਮੀ ਆਈ ਹੈ। ਇਹ ਜਾਣਕਾਰੀ ਸ਼ੁੱਕਰਵਾਰ ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦਿੱਤੀ। ਜ਼ਿਕਰਯੋਗ ਹੈ ਕਿ ਸਾਲ 2022 ਵਿੱਚ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ 4,578 ਮੌਤਾਂ ਦਰਜ ਕੀਤੀਆਂ ਗਈਆਂ ਸਨ। ਸੂਬੇ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ 'ਚ ਆਈ ਇਹ ਮਹੱਤਵਪੂਰਨ ਗਿਰਾਵਟ ਦੇਸ਼-ਵਿਆਪੀ ਰੁਝਾਨ, ਜਿਸ ਦੌਰਾਨ 2022 ਵਿੱਚ ਸੜਕੀ ਮੌਤਾਂ ਵਿੱਚ 9.4 ਪ੍ਰਤੀਸਤ ਦਾ ਵਾਧਾ ਹੋਇਆ, ਦੇ ਬਿਲਕੁੱਲ ਉਲਟ ਹੈ, ਜਿਸ ਦੇ ਨਤੀਜੇ ਵਜੋਂ ਭਾਰਤ ਵਿੱਚ ਸੜਕ ਹਾਦਸਿਆਂ ਵਿੱਚ ਕੁੱਲ 1,68,491 ਮੌਤਾਂ ਹੋਈਆਂ।ਪੰਜਾਬ ਸੜਕੀ ਹਾਦਸੇ ਅਤੇ ਟਰੈਫ਼ਿਕ ਦੀ ਸਾਲਾਨਾ ਰਿਪੋਰਟ-2022 ਲਾਂਚ ਕਰਦਿਆਂ ਡੀ ਜੀ ਪੀ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਸੜਕ ਸੁਰੱਖਿਆ ਫੋਰਸ (ਐੱਸ ਐੱਸ ਐੱਫ), ਜੋ ਕਿ ਸੜਕ ਸੁਰੱਖਿਆ ਅਤੇ ਸਮਾਜ ਵਿਰੋਧੀ ਅਨਸਰਾਂ 'ਤੇ ਨਕੇਲ ਕੱਸਣ ਵਾਲੀ ਵਿਸ਼ੇਸ਼ ਪੁਲਸ ਟੀਮ ਹੈ, ਦੀ ਸ਼ੁਰੂਆਤ ਨਾਲ ਇਸ ਗਿਰਾਵਟ ਦੇ ਰੁਝਾਨ ਵਿੱਚ ਹੋਰ ਤੇਜ਼ੀ ਆਉਣ ਦੀ ਸੰਭਾਵਨਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ

30-DEC-PAGE-1.qxd 12/29/2023 9:56 PM Page 2

ਪਾਰਕ ਸੰਭਾਲ ਤੇ ਸੋਸ਼ਲ ਵੈਲਫੇਅਰ ਸੁਸਾਇਟੀ ਦਾ ਵਫ਼ਦ ਕਾਰਜਸਾਧਕ ਅਫ਼ਸਰ ਨੂੰ ਮਿਲਿਆ

ਸੰਗਰੂਰ (ਪ੍ਰਵੀਨ ਸਿੰਘ)-ਪਾਰਕ ਸੰਭਾਲ ਤੇ ਸੋਸ਼ਲ ਵੈਲਫੇਅਰ ਸੁਸਾਇਟੀ ਦਾ ਇੱਕ ਵਫ਼ਦ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਨੂੰ ਮਿਲਿਆ। ਉਸ ਨੂੰ ਪੂਨੀਆ ਕਲੋਨੀ, ਮੁਬਾਰਕ ਮਹਿਲ, ਖਲੀਫ਼ਾ ਬਾਗ ਅਤੇ ਰਾਮ ਬਸਤੀ ਦੇ ਵਸਨੀਕਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ ਅਤੇ ਮੰਗ ਪੱਤਰ ਸੌਂਪਿਆ। ਵਫ਼ਦ ਨੇ ਦੱਸਿਆ ਕਿ ਇਹਨਾਂ ਕਲੋਨੀਆਂ ਦੇ ਵਾਸੀ ਧੂਰੀ ਰੋਡ ਸਥਿਤ ਓਵਰਬ੍ਰਿਜ ਹੇਠ ਬਣੇ ਪਾਰਕ ਵਿੱਚ ਤੇ ਇਸ ਦੇ ਨਾਲ ਬਣੀਆਂ ਸਲਿੱਪ ਰੋਡਜ ਤੇ ਪੂਨੀਆ ਕਲੋਨੀ ਵਿੱਚ ਸਵੇਰੇ ਸ਼ਾਮ ਸੈਰ ਕਰਨ ਲਈ ਆਉਂਦੇ ਹਨ, ਪਰ ਸਲਿਪ ਰੋਡਜ 'ਤੇ ਪਏ ਵੱਡੇ-ਵੱਡੇ ਖੱਡਿਆਂ ਅਤੇ ਸਟਰੀਟ ਲਾਈਟਾਂ ਦੇ ਬੰਦ ਹੋਣ ਕਰਕੇ ਹਨੇਰੇ ਵਿੱਚ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਲਿਪ ਰੋਡਜ ਦੀ ਸਫ਼ਾਈ ਦਾ ਮਾੜਾ ਹਾਲ ਹੈ। ਉਨ੍ਹਾਂ ਮੰਗ ਕੀਤੀ ਕਿ ਸਲਿਪ ਰੋਡਜ ਉਪਰ ਪ੍ਰੀਮਿਕਸ ਪਾਈ ਜਾਵੇ ਤੇ ਸੜਕਾਂ ਦੀ ਸਫ਼ਾਈ ਅਤੇ ਸਟਰੀਟ ਲਾਈਟਾਂ ਦੀ ਮੁਰੰਮਤ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਸੜਕ ਦੇ ਬਣਾਉਣ ਦੀ ਮਨਜ਼ੂਰੀ ਪ੍ਰਾਪਤ ਹੋ ਗਈ ਹੈ। ਅਗਲੇ ਹਫ਼ਤੇ ਟੈਂਡਰ ਮੰਗੇ ਜਾਣਗੇ ਤੇ ਅਗਲੇ ਦੋ ਮਹੀਨਿਆਂ ਵਿਚ ਪ੍ਰੀਮਿਕਸ ਪਾ ਦਿੱਤਾ ਜਾਵੇਗਾ। ਉਨ੍ਹਾਂ ਕ੍ਰਮਚਾਰੀਆਂ ਨੂੰ ਸੜਕਾਂ ਦੀ ਸਫ਼ਾਈ ਕਰਨ ਤੇ ਸਟਰੀਟ ਲਾਈਟਾਂ ਦੀ ਮੁਰੰਮਤ ਕਰਨ ਦੇ ਹੁਕਮ ਵੀ ਜਾਰੀ ਕਰ ਦਿੱਤੇ। ਵਫ਼ਦ ਵਿੱਚ ਸਰਵ ਸਿਰੀ ਮਨਧੀਰ ਸਿੰਘ, ਬਲਦੇਵ ਸਿੰਘ, ਗੁਰਜੰਟ ਸਿੰਘ ਤੇ ਸਵਰਨਜੀਤ ਸਿੰਘ ਸ਼ਾਮਲ ਸਨ।

ਰੱਤੋਕੇ ਸਕੂਲ ਵੱਲੋਂ ਜੈਨਮ ਰਾਣੀ ਦਾ ਸਨਮਾਨ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਰਕਾਰੀ ਰੱਤੋਕੇ ਸਕੂਲ ਦੀ ਹੋਣਹਾਰ ਵਿਦਿਆਰਥਣ ਜੈਨਮ ਰਾਣੀ ਨੇ ਰੋਇੰਗ ਵਿੱਚ ਰਾਸ਼ਟਰੀ ਪੱਧਰ 'ਤੇ ਤਾਂਬੇ ਦਾ ਤਮਗਾ ਜਿੱਤਿਆ। ਜੈਨਮ ਰਾਣੀ ਦਾ ਸਕੂਲ ਪਹੁੰਚਣ 'ਤੇ ਸਾਰੇ ਸਟਾਫ, ਪੰਚਾਇਤ ਤੇ ਪਤਵੰਤੇ ਸੱਜਣਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਰਪੰਚ ਕੁਲਦੀਪ ਕੌਰ ਤੇ ਗਿਆਨ ਸਿੰਘ ਭੁੱਲਰ ਨੇ ਕਿਹਾ ਕਿ ਜੈਨਮ ਰਾਣੀ ਸਾਡੀ ਬਹੁਤ ਹੀ ਹੋਣਹਾਰ ਵਿਦਿਆਰਥਣ ਹੈ ਤੇ ਆਉਣ ਵਾਲੇ ਸਮੇਂ ਵਿੱਚ ਸਾਨੂੰ ਇਸ ਤੋਂ ਬਹੁਤ ਵੱਡੀਆਂ ਆਸਾਂ ਹਨ। ਜੈਨਮ, ਅਮਨ ਤੇ ਮਨਦੀਪ ਸਾਡੇ ਹੋਰਨਾਂ ਬੱਚਿਆਂ ਲਈ ਪ੍ਰੇਰਣਾ ਸਰੋਤ ਹਨ। ਸਕੂਲ ਕਮੇਟੀ ਪ੍ਰਧਾਨ ਬਲਜੀਤ ਬੱਲੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਬੱਚਿਆਂ ਦੀ ਪ੍ਰਗਤੀ ਲਈ ਹੋਰ ਵਧੇਰੇ ਯਤਨ ਕਰਾਂਗੇ। ਜੈਨਮ ਰਾਣੀ ਦਾ ਸਨਮਾਨ ਕਰਨ ਮੌਕੇ ਸਾਹਿਬ ਸਿੰਘ, ਪਾਲੀ ਧਨੌਲਾ ਹਰਮਿੰਦਰ ਸਿੰਘ ਰੂਮੀ, ਮਾਸਟਰ ਬੰਤਾ ਸਿੰਘ, ਕਰਮਜੀਤ ਕੌਰ, ਸਤਪਾਲ ਕੌਰ ਰੇਨੂ ਸਿੰਗਲਾ ਪ੍ਰਵੀਨ ਕੌਰ, ਚਰਨਜੀਤ ਕੌਰ, ਸੁਖਪਾਲ ਸਿੰਘ, ਪਰਦੀਪ ਸਿੰਘ ਤੇ ਮੈਡਮ ਰਣਜੀਤ ਕੌਰ ਹਾਜ਼ਰ ਸਨ।

ਸਕੂਲ਼ ਆਫ ਐਮੀਨੈਂਸ ਦੇ ਵਿਦਿਆਰਥੀਆਂ ਵੱਲੋਂ ਮਾਤਾ ਕੁਸ਼ੱਲਿਆ ਹਸਪਤਾਲ ਦਾ ਦੌਰਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਕੂਲ ਆਫ਼ ਐਮੀਨੈਂਸ ਘੱਗਾ ਦੇ ਮੈਡੀਕਲ ਦੇ ਵਿਦਿਆਰਥੀਆ ਨੂੰ ਸਰਕਾਰੀ ਹਸਪਤਾਲ ਮਾਤਾ ਕੁਸ਼ਲਿਆ ਦਾ ਦੌਰਾ ਕਰਾਇਆ ਗਿਆ। ਇਸ ਦੌਰਾਨ ਉਨ੍ਹਾਂ ਨੂੰ ਜਿੱਥੇ ਹਸਪਤਾਲ ਦੇ ਡਾਕਟਰਾਂ ਨਾਲ ਮਿਲਾਇਆ ਗਿਆ ਅਤੇ ਮੈਡੀਕਲ ਬਾਰੇ ਬਹੁਤ ਸਾਰੀਆਂ ਜਾਣਕਾਰੀਆਂ ਹਾਸਲ ਕਰਕੇ ਆਏ ਵਿਦਿਆਰਥੀਆਂ ਵੱਲੋਂ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ ਗਈ। ਕੈਮਿਸਟਰੀ ਦੇ ਲੈਕਚਰਾਰ ਨਵਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਲਈ ਸਰਦੀ ਦੀ ਛੁੱਟੀਆਂ ਵਿੱਚ ਐਕਸਪੋਜਰ ਵਿਜਟ ਆਯੋਜਿਤ ਕੀਤੀ ਗਈ, ਜਿਸ ਵਿੱਚ ਸਕੂਲ ਆਫ ਐਮੀਨੈਂਸ ਘੱਗਾ ਦੇ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਵਿੱਚ ਸਿਵਲ ਸਰਜਨ ਡਾ. ਰਮਿੰਦਰ ਕੌਰ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਮੈਡੀਕਲ ਦੀ ਪੜ੍ਹਾਈ ਦੇ ਲਈ ਪ੍ਰੇਰਿਤ ਕੀਤਾ ਗਿਆ ਅਤੇ ਜਦੋਂਕਿ ਡਾਕਟਰ ਸੁਮੀਤ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਹਸਪਤਾਲ ਦੇ ਅਲੱਗ-ਅਲੱਗ ਵਿਭਾਗਾਂ ਸਮੇਤ ਓਪੀਡੀ ਦਾ ਦੌਰਾ ਕਰਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਮਾਹਿਰ ਡਾਕਟਰਾਂ ਨੂੰ ਮਿਲਣ ਦਾ ਮੌਕਾ ਮਿਲਿਆ।

ਸਰਕਾਰੀ ਆਈ ਟੀ ਆਈ (ਲੜਕੀਆਂ) ਵਿਖੇ ਮੈਗਾ ਰੋਜ਼ਗਾਰ ਮੇਲਾ

ਲੁਧਿਆਣਾ (ਰਾਜ ਸਿੰਗਲਾ)-ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ ਬੀ ਈ ਈ) ਲੁਧਿਆਣਾ ਵੱਲੋਂ ਸਰਕਾਰੀ ਆਈ ਟੀ ਆਈ (ਲੜਕੀਆਂ) ਸਿਵਲ ਲਾਈਨਜ, ਘੁਮਾਰ ਮੰਡੀ ਵਿਖੇ ਮੈਗਾ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ। ਡਿਪਟੀ ਡਾਇਰੈਕਟਰ ਡੀ.ਬੀ.ਈ.ਈ. ਮਿਨਾਕਸ਼ੀ ਸ਼ਰਮਾ ਨੇ ਦੱਸਿਆ ਕਿ ਇਸ ਮੇਲੇ ਵਿੱਚ ਨਾਮੀ ਕੰਪਨੀਆਂ ਵਲੋਂ ਸ਼ਮੂਲੀਅਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਰੋਜ਼ਗਾਰ ਮੇਲੇ ਦੌਰਾਨ ਕੁੱਲ 381 ਪ੍ਰਾਰਥੀ ਹਾਜ਼ਰ ਹੋਏ। ਪ੍ਰਾਰਥੀਆਂ ਵੱਲੋਂ ਵੱਖ-ਵੱਖ ਕੰਪਨੀਆਂ ਵਿੱਚ ਆਪਣੀ ਇੰਟਰਵਿਊ ਦਿੱਤੀ ਤੇ ਕੰਪਨੀਆਂ ਵੱਲੋਂ ਉਨ੍ਹਾਂ ਦੀ ਯੋਗਤਾ ਅਤੇ ਸਕਿੱਲ ਦੇ ਮੁਤਾਬਕ ਪ੍ਰਾਰਥੀਆਂ ਨੂੰ ਮੌਕੇ 'ਤੇ ਹੀ 195 ਪ੍ਰਾਰਥੀਆਂ ਨੂੰ ਚੁਣਿਆ ਗਿਆ ਹੈ।

ਸਮਾਜ ਸੇਵੀ ਧਰਮਵੀਰ ਮਿੰਟਾ ਸਨਮਾਨਤ

ਭੀਖੀ (ਧਰਮਵੀਰ ਸ਼ਰਮਾ)-ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਨੂੰ ਲੈ ਕੇ ਬਾਬਾ ਅਜੈਬ ਸਿੰਘ ਵੱਲੋਂ ਸਮਾਉਂ ਦੀ ਸਾਧ ਸੰਗਤ ਦੇ ਸਹਿਯੋਗ ਨਾਲ ਲਾਏ ਲੰਗਰ ਵਿੱਚ ਪੈਲੇਸ ਦੀ ਸੇਵਾ ਕਰਨ ਸਮਾਜ ਸੇਵੀ ਧਰਮਵੀਰ ਮਿੰਟਾ ਨੂੰ ਬਾਬਾ ਅਜੈਬ ਸਿੰਘ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਾਬਾ ਅਜੈਬ ਸਿੰਘ ਨੇ ਕਿਹਾ ਕਿ ਧਰਮਵੀਰ ਮਿੰਟਾਂ ਵੱਲੋਂ ਸ਼ਹੀਦੀ ਜੋੜ ਮੇਲੇ ਦੇ ਦਿਨਾਂ ਵਿੱਚ ਲਾਏ ਜਾਂਦੇ ਲੰਗਰ ਲਈ ਫਰੀ ਵਿੱਚ ਪੈਲੇਸ ਦਿੱਤਾ ਜਾਂਦਾ ਹੈ, ਜਿਸ ਨਾਲ ਲੰਗਰ ਲਾਉਣ ਵਿੱਚ ਸੌਖ ਹੁੰਦੀ ਹੈ ਤੇ ਆਉਣ ਵਾਲੀਆਂ ਸੰਗਤਾਂ ਲਈ ਵੀ ਕੋਈ ਦਿੱਕਤ ਨਹੀਂ ਰਹਿੰਦੀ। ਇਸ ਮੌਕੇ ਸਮਾਜ ਸੇਵੀ ਧਰਮਵੀਰ ਮਿੰਟਾ ਨੇ ਕਿਹਾ ਕਿ ਉਹ ਜਿੱਥੇ ਸਾਂਝੇ ਸਮਾਜ ਸੇਵੀ ਕੰਮਾਂ ਲਈ ਹਰ ਵੇਲੇ ਤਤਪਰ ਰਹਿੰਦੇ ਹਨ, ਉੱਥੇ ਸ਼ਹੀਦੀ ਦਿਹਾੜੇ ਮੌਕੇ ਲਾਏ ਜਾਂਦੇ ਲੰਗਰ ਵਿੱਚ ਵੀ ਉਹ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਸਾਂਝੇ ਕੰਮਾਂ ਲਈ ਆਪਣਾ ਹਰ ਤਰ੍ਹਾਂ ਦਾ ਸਹਿਯੋਗ ਦਿੰਦੇ ਰਹਿਣਗੇ। ਇਸ ਮੌਕੇ ਸਾਬਕਾ ਸਰਪੰਚ ਧੰਨਾਂ ਸਿੰਘ ਸਮਾਓਂ ਨੇ ਵੀ ਇਸ ਸਹਿਯੋਗ ਲਈ ਧਰਮਵੀਰ ਮਿੰਟਾ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਿੱਖ ਸੰਗਤਾਂ ਹਾਜ਼ਰ ਸਨ।

'ਪਲੈਨਰ' ਨੇ ਲਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਈਲਟਸ ਦੀ ਦੁਨੀਆ ਵਿੱਚ ਆਪਣਾ ਨਾਂਅ ਬਣਾ ਰਹੀ 'ਦਾ ਇੰਮੀਗਰੇਸ਼ਨ ਪਲੈਨਰ', ਜੋ ਕਿ ਕਾਲੇ ਕੇ ਰੋਡ ਉੱਪਰ ਸਥਿਤ ਹੈ, ਨੇ ਮੁਕੰਦ ਕਮਲ ਵਾਸੀ ਬਾਘਾ ਪੁਰਾਣਾ ਦਾ ਰਿਫਿਊਜ਼ਲ ਹੋਣ ਦੇ ਬਾਵਜੂਦ ਕੈਨੇਡਾ ਦਾ ਵਿਜ਼ਟਰ ਵੀਜ਼ਾ ਲਗਾਇਆ ਗਿਆ।ਮੁਕੰਦ ਕਮਲ ਨੇ ਸਟਾਫ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਲੱਗਿਆ ਹੈ।ਐੱਮ ਡੀ ਯੋਗੇਸ਼ ਗੋਇਲ ਨੇ ਮੁਕੰਦ ਕਮਲ ਤੇ ਉਨ੍ਹਾ ਦੇ ਪਰਿਵਾਰ ਨੂੰ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਦੀਦਾਰ ਭੱਟੀ ਨੇ ਨਗਰ ਕੀਰਤਨ 'ਚ ਕੀਤੀ ਸ਼ਮੂਲੀਅਤ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰ. ਦੀਦਾਰ ਸਿੰਘ ਭੱਟੀ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਸ੍ਰੀ ਫਤਹਿਗੜ੍ਹ ਸਾਹਿਬ ਨੇ ਸ਼ਹੀਦਾਂ ਦੀ ਮਹਾਨ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮਹਾਨ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਅਤੇ ਧੰਨ ਧੰਨ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਉਨ੍ਹਾ ਨਾਲ ਅਜਾਇਬ ਸਿੰਘ ਜਖਵਾਲੀ, ਕੁਲਦੀਪ ਸਿੰਘ ਸਹੋਤਾ, ਕੁਲਦੀਪ ਸਿੰਘ ਸਿੱਧੂਪੁਰ, ਅੱਛਰ ਸਿੰਘ, ਡਾ. ਹਰਬੰਸ ਲਾਲ, ਗੁਰਮੁੱਖ ਸਿੰਘ, ਪਰਮਿੰਦਰ ਸਿੰਘ ਦਿਓਲ ਤੇ ਹੋਰ ਪਾਰਟੀ ਦੇ ਅਹੁਦੇਦਾਰ ਸ਼ਾਮਲ ਸਨ।

ਕਿਸਾਨਾਂ ਦੀ ਲੜਾਈ ਇਕਜੁੱਟ ਹੋ ਕੇ ਲੜਨਾ ਸਮੇਂ ਦੀ ਲੋੜ : ਆਗੂ

■ ਕਿਸਾਨਾਂ ਦਾ ਬਿਜਲੀ ਬੋਰਡ ਵਿਰੁੱਧ ਧਰਨਾ ਜਾਰੀ

ਭੀਖੀ (ਧਰਮਵੀਰ ਸ਼ਰਮਾ)-ਪੀ ਐੱਸ ਪੀ ਸੀ ਐੱਲ ਵਿਭਾਗ ਵੱਲੋਂ ਭੀਖੀ ਗਰਿੱਡ ਨੂੰ ਕੱਢੀ ਜਾ ਰਹੀ ਨਵੀ ਬਿਜਲੀ ਸਪਲਾਈ ਲਾਇਨ ਸਬੰਧੀ ਕਿਸਾਨਾਂ ਦੇ ਖੇਤਾਂ ਵਿੱਚ ਲਾਏ ਜਾ ਰਹੇ ਵੱਡੇ ਖੰਭਿਆਂ ਦੇ ਵਿਰੋਧ ਵਿੱਚ ਲਗਾਇਆ ਗਿਆ ਧਰਨਾ ਅੱਜ ਤੀਜੇ ਦਿਨ ਵੀ ਜਾਰੀ ਰਿਹਾ। ਇਸ ਮੌਕੇ ਭੀਖੀ ਦੀਆਂ ਦੂਸਰੀਆਂ ਜਥੇਬੰਦੀਆਂ ਨੇ ਵੀ ਸ਼ਮੂਲੀਅਤ ਕੀਤੀ। ਉਨ੍ਹਾਂ ਕਿਸਾਨਾਂ ਨਾਲ ਹੋ ਰਹੇ ਧੱਕੇ ਖਿਲਾਫ ਲਾਮਬੰਦੀ ਵਧਾਉਣ ਲਈ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਸਾਂਝੀ ਲੜਾਈ ਇੱਕਜੁੱਟ ਹੋ ਕੇ ਲੜਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸੂਬਾ ਆਗੂ ਗੁਰਚਰਨ ਸਿੰਘ ਭੀਖੀ, ਕਾਦੀਆਂ ਦੇ ਗੁਰਨਾਮ ਸਿੰਘ ਭੀਖੀ, ਭੂਰਾ ਸਿੰਘ ਢਿੱਲੋਂ ਸੀ ਪੀ ਆਈ ਕਿਸਾਨ ਸਭਾ ਨੇ ਕਿਹਾ ਕਿ ਭੀਖੀ ਗਰਿੱਡ ਨੂੰ ਜੋ ਸਪਲਾਈ ਆ ਰਹੀ ਹੈ, ਉਹ ਨਿਰਵਿਘਨ ਹੈ ਤੇ ਪੀ ਐੱਸ ਪੀ ਸੀ ਐੱਲ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਭੀਖੀ ਵਿਖੇ ਬਦਲਵੀਂ ਸਪਲਾਈ ਲਈ ਨਵੀਂ ਨਵੀਂ ਲਾਇਨ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਗੈਰ-ਕਾਨੂੰਨੀ ਕਾਰਵਾਈ ਦੇ ਖਿਲਾਫ ਕਿਸਾਨਾਂ ਵੱਲੋਂ ਇਨਸਾਫ ਲੈਣ ਲਈ ਮਾਨਸਾ ਦੀ ਮਾਣਯੋਗ ਅਦਾਲਤ ਵਿੱਚ ਕੇਸ ਦਾਇਰ ਕੀਤਾ ਹੋਇਆ ਹੈ, ਪ੍ਰੰਤੂ ਬਿਜਲੀ ਵਿਭਾਗ ਪੁਲਸ ਦੀ ਮਦਦ ਨਾਲ ਲਾਇਨ ਕੱਢਣ 'ਤੇ ਬਜ਼ਿੱਦ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮਾਣਯੋਗ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਨਗੇ ਤੇ ਬਿਜਲੀ ਵਿਭਾਗ ਵੀ ਮਾਣਯੋਗ ਕੋਰਟ ਦੇ ਹੁਕਮਾਂ ਦੀ ਦੀ ਉਡੀਕ ਕਰੇ। ਉਨ੍ਹਾਂ ਕਿਹਾ ਕਿ ਜੇਕਰ ਬਿਜਲੀ ਵਿਭਾਗ ਕਿਸਾਨਾਂ ਨਾਲ ਧੱਕਾ ਕਰੇਗਾ ਤਾਂ ਉਹ ਕਦੇ ਵੀ ਸਹਿਣ ਨਹੀਂ ਕਰਨਗੇ। ਇਸ ਮੌਕੇ ਅਮਨਦੀਪ ਸਿੰਘ ਖਿਆਲਾ, ਤਰਸੇਮ ਸਿੰਘ, ਜੁਗਰਾਜ ਸਿੰਘ, ਬਲੌਰ ਸਿੰਘ, ਭੂਰਾ ਸਿੰਘ ਖਿਆਲਾ, ਭੋਲਾ ਸਿੰਘ ਵਾਲੀਆ, ਸੁਖਵਿੰਦਰ ਸਿੰਘ ਅਤਲਾ, ਹਰਭਜਨ ਸਿੰਘ, ਨਾਇਬ ਸਿੰਘ ਪ੍ਰਧਾਨ, ਮਲਕੀਤ ਸਿੰਘ ਬਾਬੇਕਾ, ਗੁਰਤੇਜ ਸਿੰਘ ਭੁਸ਼ਣ, ਜਗਸੀਰ ਸਿੰਘ ਸੀਰਾ, ਸੁਖਦੇਵ ਸਿੰਘ ਸੁੱਖਾ, ਹਰਿੰਦਰ ਸਿੰਘ ਟੋਨੀ, ਮਿੱਠੂ ਭਗਤ, ਕਾਲਾ ਸਿੰਘ ਨੰਦੇ ਕਾ, ਦਰਸ਼ਨ ਸਿੰਘ ਤੇ ਰਣਜੀਤ ਸਿੰਘ ਹਾਜ਼ਰ ਸਨ।

ਜ਼ਿਲ੍ਹਾ ਐਨੀਮਲ ਵੈਲਫੇਅਰ ਸੁਸਾਇਟੀ ਨੂੰ ਗੁਪਤ ਦਾਨ ਵਜੋਂ 10 ਕੁਇੰਟਲ ਗੁੜ ਭੇਟ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਸਲੇਮਸ਼ਾਹ ਵਿਖੇ ਚਲਾਈ ਜਾ ਰਹੀ ਜ਼ਿਲ੍ਹਾ ਐਨੀਮਲ ਵੈਲਫੇਅਰ ਸੁਸਾਇਟੀ ਗਊਵੰਸ਼ ਦੀ ਸਾਂਭ ਸੰਭਾਲ, ਸੁਰੱਖਿਆ ਤੇ ਬਿਹਤਰ ਰੱਖ ਰਖਾਅ ਲਈ ਸ਼ਲਾਘਾਯੋਗ ਕੰਮ ਕਰ ਰਹੀ ਹੈ। ਸਮਾਜ ਸੇਵੀਆਂ ਵੱਲੋਂ ਵੀ ਸਮੇਂ-ਸਮੇਂ 'ਤੇ ਐਨੀਮਲ ਵੈਲਫੇਅਰ ਸੋਸਾਇਟੀ ਨੂੰ ਸਹਿਯੋਗ ਦਿੱਤਾ ਜਾਂਦਾ ਹੈ। ਇਸੇ ਲੜੀ ਤਹਿਤ ਇਕ ਸਮਾਜ ਸੇਵੀ ਵੱਲੋਂ ਸੁਸਾਇਟੀ ਲਈ ਗੁਪਤ ਦਾਨ ਵਜੋਂ 37 ਡੱਬੇ, ਜਿਸ ਵਿਚ 10 ਕੁਇੰਟਲ ਗੁੜ ਭੇਟ ਕੀਤਾ। ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦੱਸਿਆ ਕਿ ਜ਼ਿਲ੍ਹਾ ਐਨੀਮਲ ਵੈਲਫੇਅਰ ਸੁਸਾਇਟੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜ ਸੇਵੀਆਂ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੁਸਾਇਟੀ ਵਿਖੇ ਗਊਵੰਸ਼ ਦੀ ਬਿਹਤਰ ਤਰੀਕੇ ਨਾਲ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗਊਵੰਸ਼ ਦੇ ਖਾਣ ਲਈ ਖੁਰਾਕ, ਹਰਾ ਚਾਰਾ, ਪਰਾਲੀ, ਦਵਾਈਆਂ ਆਦਿ ਹੋਰ ਲੋੜੀਂਦਾ ਸਾਜੋ ਸਮਾਨ ਸਮਾਜ ਸੇਵੀਆਂ ਵੱਲੋਂ ਦਾਨ ਵਜੋਂ ਸਮੇਂ-ਸਮੇਂ ਭੇਟ ਕੀਤਾ ਜਾਂਦਾ ਹੈ। ਉਨ੍ਹਾਂ ਹੋਰਨਾਂ ਸਮਾਜ ਸੇਵੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੁਸਾਇਟੀ ਨੂੰ ਵੱਧ ਤੋਂ ਵੱਧ ਦਾਨ ਦਿੱਤਾ ਜਾਵੇ ਤਾਂ ਜੁ ਗਊਵੰਸ਼ ਦੀ ਹੋਰ ਬਿਹਤਰ ਤਰੀਕੇ ਨਾਲ ਸਾਂਭ-ਸੰਭਾਲ ਕੀਤੀ ਜਾਵੇ।

ਸਾਹਿਬਜ਼ਾਦਿਆਂ ਦੀ ਸ਼ਹਾਦਤ

30-Dec-PAGE-3.qxd 12/29/2023 10:05 PM Page 1

ਭਾਜਪਾ ਆਪਣੀ ਘਟੀਆ ਰਾਜਨੀਤੀ ਲਈ ਪੰਜਾਬ ਦੇ ਸ਼ਹੀਦਾਂ ਦਾ ਅਪਮਾਨ ਕਰ ਰਹੀ : ਕੰਗ

ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)

ਗਣਤੰਤਰ ਦਿਵਸ ਝਾਕੀ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਦੂਜੇ ਸਾਲ ਪੰਜਾਬ ਦੀ ਝਾਕੀ ਨੂੰ ਜਗ੍ਹਾ ਨਾ ਦੇਣ ਤੋਂ ਬਾਅਦ ਅਸੀਂ ਉਮੀਦ ਕਰ ਰਹੇ ਸੀ ਕਿ ਪੰਜਾਬ ਭਾਜਪਾ ਆਗੂ ਇਸ ਮਾਮਲੇ 'ਤੇ ਪੰਜਾਬ ਦੇ ਨਾਲ ਖੜ੍ਹੇ ਹੋਣਗੇ। ਪਰ ਰਾਜ ਦੇ ਨਾਲ ਖੜ੍ਹੇ ਹੋਣ ਦੀ ਬਜਾਏ ਪੰਜਾਬ ਭਾਜਪਾ ਮੁਖੀ ਸੁਨੀਲ ਜਾਖੜ ਨੇ ਇਸ ਮਾਮਲੇ 'ਤੇ ਝੂਠ ਬੋਲਿਆ। ਕੰਗ ਨੇ ਮੀਡੀਆ ਨੂੰ ਭਾਰਤ ਸਰਕਾਰ ਦੀ ਅਧਿਕਾਰਤ ਵੈੱਬਸਾਈਟ 'ਤੇ ਦਿਖਾਇਆ ਅਤੇ ਕਿਹਾ ਕਿ ਇਸ ਵਿੱਚ ਕਿਤੇ ਵੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ ਕੋਈ ਤਸਵੀਰ ਨਹੀਂ। ਇਹ ਸਾਬਤ ਕਰਦਾ ਹੈ ਕਿ ਸੁਨੀਲ ਜਾਖੜ ਨੇ ਬਿਲਕੁਲ ਝੂਠ ਬੋਲਿਆ। ਕੰਗ ਨੇ ਕਿਹਾ ਕਿ ਜਦੋਂ ਤੋਂ ਨਰਿੰਦਰ ਮੋਦੀ ਕੇਂਦਰ ਵਿੱਚ ਆਏ ਹਨ, ਭਾਜਪਾ ਨੇ ਝੂਠ ਦੀ ਦੁਕਾਨ ਖੋਲ੍ਹ ਲਈ ਹੈ। ਭਾਜਪਾ ਆਗੂ ਹਰ ਮਾਮਲੇ 'ਤੇ ਲਗਾਤਾਰ ਝੂਠ ਬੋਲਦੇ ਹਨ। ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭੇਜੀ ਗਈ ਆਪਣੀ ਝਾਕੀ ਦੇ ਕਾਨਸੈਪਟ ਵਿੱਚ ਪਹਿਲੀ ਮਹਿਲਾ ਤਾਕਤ ਦੇ ਰੂਪ ਵਿੱਚ ਮਾਈ ਭਾਗੋ ਦੀ ਸੀ। ਪੰਜਾਬ ਦੇ ਸ਼ਹੀਦਾਂ ਦੀ ਦੂਜੀ ਝਾਂਕੀ ਅਤੇ ਤੀਜੀ ਝਾਕੀ ਪੰਜਾਬ ਦੀ ਵਿਰਾਸਤ ਬਾਰੇ ਸੀ। ਇਹ ਝਾਕੀ ਭਾਰਤ ਸਰਕਾਰ ਦੀ ਅਧਿਕਾਰਤ ਵੈੱਬਸਾਈਟ 'ਤੇ ਵੀ ਦੇਖੀ ਜਾ ਸਕਦੀ ਹੈ। ਪਰ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀਆਂ ਫੋਟੋਆਂ ਦਾ ਝੂਠ ਬੋਲ ਕੇ ਪੰਜਾਬ ਦੇ ਲੋਕਾਂ ਨੂੰ ਧੋਖਾ ਦਿੱਤਾ। ਸਾਨੂੰ ਉਮੀਦ ਨਹੀਂ ਸੀ ਕਿ ਉਹ ਅਜਿਹਾ ਝੂਠ ਬੋਲਣਗੇ। ਕੰਗ ਨੇ ਕਿਹਾ ਕਿ ਭਾਜਪਾ ਦਾ ਇਹ ਰਵੱਈਆ ਦਰਸਾਉਂਦਾ ਹੈ ਕਿ ਉਹ ਭਗਤ ਸਿੰਘ, ਸੁਖਦੇਵ, ਰਾਜਗੁਰੂ ਅਤੇ ਕਰਤਾਰ ਸਿੰਘ ਸਰਾਭਾ ਨੂੰ ਸ਼ਹੀਦ ਨਹੀਂ ਮੰਨਦੀ। ਭਾਜਪਾ ਪੰਜਾਬ ਦੇ ਸ਼ਹੀਦਾਂ ਦਾ ਅਪਮਾਨ ਕਰ ਰਹੀ ਹੈ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਕੰਗ ਨੇ ਗੁਜਰਾਤ ਅਤੇ ਮਹਾਰਾਸਟਰ ਦੀ ਝਾਕੀ ਦੇ ਕਾਨਸੈਪਟ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਭਾਜਪਾ ਸਰਕਾਰ ਹੈ ਅਤੇ ਦੋਵਾਂ ਰਾਜਾਂ ਦੇ ਕਾਨਸੈਪਟ ਵਿੱਚ ਸੱਭਿਆਚਾਰ ਦਿਖਾਈ ਦਿੰਦਾ ਹੈ। ਮਹਾਰਾਸ਼ਟਰ ਦੀ ਝਾਕੀ ਵਿੱਚ ਉੱਥੋਂ ਦੇ ਸੱਭਿਆਚਾਰ ਦੇ ਨਾਲ-ਨਾਲ ਆਜਾਦੀ ਘੁਲਾਟੀਆਂ ਸ਼ਿਵਾਜੀ ਮਹਾਰਾਜ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਦੀਆਂ ਤਸਵੀਰਾਂ ਹਨ। ਗੁਜਰਾਤ ਦੀ ਝਾਕੀ ਵਿੱਚ ਉੱਥੋਂ ਦੀ ਨਾਰੀ ਸ਼ਕਤੀ ਅਤੇ ਸੱਭਿਆਚਾਰ ਨੂੰ ਦਰਸਾਇਆ ਗਿਆ ਹੈ। ਪੰਜਾਬ ਦੀ ਝਾਕੀ ਵਿੱਚ ਵੀ ਇੱਕ ਸੀ ਮਾਈ ਭਾਗੋ (ਨਾਰੀ ਸ਼ਕਤੀ), ਦੂਜਾ ਇੱਥੋਂ ਦਾ ਸੱਭਿਆਚਾਰ ਅਤੇ ਤੀਜਾ ਇੱਥੋਂ ਦੇ ਸ਼ਹੀਦਾਂ ਦੀ ਕੁਰਬਾਨੀ। ਫਿਰ ਪੰਜਾਬ ਦੇ ਕਾਨਸੈਪਟ ਨੂੰ ਕਿਸ ਆਧਾਰ 'ਤੇ ਰੱਦ ਕੀਤਾ ਗਿਆ ? ਕੰਗ ਨੇ ਕਿਹਾ ਕਿ ਸਾਰੇ ਰਾਜ ਜਿੱਥੇ ਭਾਜਪਾ ਸਰਕਾਰ ਸੱਤਾ ਵਿੱਚ ਹੈ, ਉਨ੍ਹਾਂ ਰਾਜਾਂ ਨੂੰ ਪਿਛਲੇ ਲਗਾਤਾਰ ਪੰਜ ਸਾਲਾਂ ਤੋਂ 26 ਜਨਵਰੀ ਦੀ ਪਰੇਡ ਵਿੱਚ ਸਥਾਨ ਦਿੱਤਾ ਗਿਆ ਹੈ, ਪਰ ਉਨ੍ਹਾਂ ਨੇ ਲਗਾਤਾਰ ਦੂਜੀ ਵਾਰ ਪੰਜਾਬ ਨੂੰ ਪਰੇਡ ਤੋਂ ਬਾਹਰ ਕਰ ਦਿੱਤਾ ਹੈ।

ਐੱਸ ਵਾਈ ਐੱਲ ਬਾਰੇ ਭਗਵੰਤ ਮਾਨ ਤੇ ਕਿਸਾਨ ਜਥੇਬੰਦੀਆਂ ਵੱਲੋਂ ਲਿਆ ਗਿਆ ਸਟੈਂਡ ਸ਼ਲਾਘਾਯੋਗ : ਡਾ. ਕੇ ਜੇ ਸਿੰਘ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਲੰਘੇ ਕੱਲ੍ਹ ਸਤਲੁਜ-ਯਮਨਾ-ਲਿੰਕ ਨਹਿਰ ਦੇ ਮੁੱਦੇ ਨੂੰ ਲੈ ਕੇ ਕੇਂਦਰੀ ਜਲ ਸ਼ਕਤੀ ਮੰਤਰੀ ਗੁਜੇਂਦਰ ਸ਼ੇਖਾਵਤ ਦੀ ਅਗਵਾਈ ਵਿੱਚ ਪੰਜਾਬ ਅਤੇ ਹਰਿਆਣੇ ਦੇ ਮੁੱਖ ਮੰਤਰੀਆਂ ਦੀ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਤੀਸਰੀ ਵਾਰ ਹੋਈ ਚੰਡੀਗੜ੍ਹ ਵਿਖੇ ਮੀਟਿੰਗ ਬੇਸਿੱਟਾ ਰਹੀ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਏ ਗਏ ਸਟੈਂਡ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ ਤਾਂ ਪੰਜਾਬ ਹਰਿਆਣਾ ਨੂੰ ਪਾਣੀ ਕਿਥੋਂ ਦੇਵੇਗਾ। ਇਸ ਲਈ ਐੱਸ ਵਾਈ ਐੱਲ ਬਣਾਉਣ ਦਾ ਕੋਈ ਮਤਲਬ ਹੀ ਨਹੀਂ ਰਹਿੰਦਾ। ਸੰਸਥਾ ਵਾਈਸ ਆਫ਼ ਧਾਰੀਵਾਲ ਦੇ ਕਨਵੀਨਰ ਡਾ: ਕਮਲਜੀਤ ਸਿੰਘ ਕੇ ਜੇ ਨੇ ਮੁੱਖ ਮੰਤਰੀ ਪੰਜਾਬ ਵਲੋਂ ਲਏ ਗਏ ਉੱਕਤ ਸਟੈਂਡ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਜਲ ਸਰੋਤ ਮੰਤਰੀ ਵੀ ਭਲੀ ਭਾਂਤ ਜਾਣਦੇ ਹਨ ਕਿ ਪੰਜਾਬ ਦਾ 70 ਫੀਸਦੀ ਹਿੱਸਾ 'ਡਾਰਕ ਜ਼ੋਨ' ਵਿੱਚ ਆ ਗਿਆ ਹੈ ਜਿਸ ਕਰਕੇ ਦਰਿਆਵਾਂ ਦੀ ਧਰਤੀ ਪੰਜਾਬ ਖੁਦ ਪਾਣੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਵਧੀਆ ਤਾਂ ਇਹ ਹੈ ਕਿ ਰਿਪੇਰੀਅਨ ਕਾਨੂੰਨ ਮੁਤਾਬਕ ਦਰਿਆਵਾਂ ਦੇ ਪਾਣੀਆਂ ਦੀ ਮੁੜ ਵੰਡ ਹੋਵੇ ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਅਤੇ ਭਾਰਤ ਦਾ ਅੰਨਦਾਤਾ ਹੈ, ਇਸ ਲਈ ਪੰਜਾਬ ਨੂੰ ਰਿਪੇਰੀਅਨ ਲਾਅ ਮੁਤਾਬਕ ਦਰਿਆਵਾਂ ਦੇ ਪਾਣੀਆਂ ਵਿੱਚ ਬਣਦੇ ਹਿੱਸੇ ਨਾਲੋਂ ਵੀ ਜ਼ਿਆਦਾ ਪਾਣੀ ਮਿਲਣਾ ਚਾਹੀਦਾ ਹੈ। ਭਾਰਤ ਨੂੰ ਅਨਾਜ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਪੰਜਾਬ ਦਾ ਬਹੁਤ ਵੱਡਾ ਯੋਗਦਾਨ ਹੈ। ਖੁਸ਼ਹਾਲ ਪੰਜਾਬ ਹੀ ਭਾਰਤ ਦੀ ਖੁਸ਼ਹਾਲੀ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ। ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਵੀ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਕੇਂਦਰੀ ਜਲ ਸਰੋਤ ਮੰਤਰੀ ਨੂੰ ਆਪਣਾ ਮੰਗ ਪੱਤਰ ਦੇ ਕੇ ਆਪਣਾ ਯੋਗਦਾਨ ਪਾਇਆ ਗਿਆ ਹੈ। ਡਾ: ਕੇ. ਜੇ. ਨੇ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਭਾਰਤ ਦੀ ਆਜ਼ਾਦੀ ਅਤੇ ਖੁਸ਼ਹਾਲੀ ਲਈ ਵੱਡਾ ਯੋਗਦਾਨ ਪਾਉਣ ਵਾਲੇ ਪੰਜਾਬ ਦੀਆਂ ਮੰਗਾਂ ਨੂੰ ਸੁਹਿਰਦਤਾ ਨਾਲ ਲਿਆ ਜਾਵੇ।

ਕੋਟ ਫਤੂਹੀ 'ਚ ਸਵ. ਅਟੱਲ ਬਿਹਾਰੀ ਵਾਜਪਾਈ ਦਾ ਜਨਮ ਦਿਨ ਮਨਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਕੋਟ ਫਤੂਹੀ ਵਿਖੇ ਸੀਨੀਅਰ ਭਾਜਪਾ ਆਗੂ ਸੰਜੀਵ ਕੁਮਾਰ ਪੰਚਨੰਗਲਾ ਦੀ ਪ੍ਰਧਾਨਗੀ ਹੇਠ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵਰਗਵਾਸੀ ਅਟੱਲ ਬਿਹਾਰੀ ਵਾਜਪਾਈ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸੰਜੀਵ ਕੁਮਾਰ ਪੰਚਨੰਗਲਾ ਨੇ ਦੱਸਿਆ ਕਿ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵਰਗਵਾਸੀ ਅੱਟਲ ਬਿਹਾਰੀ ਵਾਜਪਾਈ ਦੇ ਜਨਮ ਦਿਹਾੜੇ ਦੀ ਖੁਸ਼ੀ ਮੌਕੇ ਵਰਕਰਾਂ ਵੱਲੋਂ ਲੱਡੂ ਵੰਡੇ ਗਏ। ਇਸ ਮੌਕੇ ਉਘੇ ਸਮਾਜ ਸੇਵਕ ਸੰਜੀਵ ਕੁਮਾਰ ਪੰਚਨੰਗਲਾ ਸੀਨੀਅਰ ਭਾਜਪਾ ਆਗੂ, ਹਰਪਿੰਦਰ ਸਿੰਘ ਪਿੰਦਾ ਸਰਕਲ ਪ੍ਰਧਾਨ, ਰਾਹੁਲ ਕੋਟ ਫਤੂਹੀ, ਬਹਾਦਰ ਲਾਲ ਕੋਟ ਫਤੂਹੀ, ਸੁਖਵਿੰਦਰ ਕੁਮਾਰ ਸੋਨੂੰ ਕੋਟ ਫਤੂਹੀ, ਸਾਗਰ, ਹੈਪੀ ਕੋਟ ਫਤੂਹੀ, ਰਮਨ ਠੀਂਡਾ, ਨਿਖਿਲ ਠੀਂਡਾ, ਵਿਕਾਸ, ਕਰਨ, ਗੁਰਜੀਤ ਸਿੰਘ, ਗੌਰਵ ਕੁਮਾਰ, ਮੁਨੀਸ਼ ਕੁਮਾਰ, ਰਾਹੁਲ ਕੋਟ ਫਤੂਹੀ, ਸਹਿਬਨ ਆਦਿ ਹਾਜ਼ਰ ਸਨ।

ਸਵ: ਰੋਹਨਦੀਪ ਦੀ ਯਾਦ 'ਚ ਦੀਪ ਹਸਪਤਾਲ ਨੇ ਲਗਾਇਆ ਖੂਨ ਦਾਨ ਕੈਂਪ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)

ਸੀਨੀਅਰ ਕਾਂਗਰਸੀ ਨੇਤਾ ਮਹਿੰਗਾ ਰਾਮ ਗਰੀਬ ਦੇ ਪੋਤਰੇ ਅਤੇ ਡਾ. ਪਰਦੀਪ ਕੁਮਾਰ ਦੇ ਸਪੁੱਤਰ ਸਵ: ਰੋਹਨਦੀਪ ਦੀ ਯਾਦ 'ਚ ਉਸ ਦੇ ਜਨਮ ਦਿਨ ਮੌਕੇ ਦੀਪ ਹਸਪਤਾਲ ਵੱਲੋਂ ਦੁੱਖ ਨਿਵਾਰਨ ਬਲੱਡ ਬੈਂਕ ਅੰਮ੍ਰਿਤਸਰ ਅਤੇ ਬਲੱਡ ਬੈਂਕ ਮਾਤਾ ਸੁਲੱਖਣੀ ਸਿਵਲ ਹਸਪਤਾਲ ਬਟਾਲਾ ਦੇ ਸਹਿਯੋਗ ਨਾਲ ਖੂਨ ਦਾਨ ਕੈਂਪ ਦਾ ਅਯੋਜਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਰੋਹਨਦੀਪ ਬੀਤੇ ਸਾਲ 23 ਦਸੰਬਰ ਨੂੰ ਇਕ ਸੜਕ ਹਾਦਸੇ ਦੌਰਾਨ ਪਰਿਵਾਰ ਤੋਂ ਵਿਛੜ ਗਿਆ ਸੀ। ਇਸ ਕੈਂਪ ਦਾ ਉਦਘਾਟਨ ਸਾਬਕਾ ਸਿਵਲ ਸਰਜਨ ਡਾ: ਕਿਸ਼ਨ ਚੰਦ ਅਤੇ ਐਸ.ਐਮ.ਓ., ਸੀ.ਐਚ.ਸੀ. ਡੇਰਾ ਬਾਬਾ ਨਾਨਕ ਡਾ. ਹਰਪਾਲ ਸਿੰਘ ਨੇ ਸਾਂਝੇ ਤੌਰ ਤੇ ਰਿਬਨ ਕੱਟ ਕੇ ਕੀਤਾ। ਇਸ ਕੈਂਪ ਦੌਰਾਨ ਨੌਜਵਾਨਾਂ ਵਿੱਚ ਖੂਨ ਦਾਨ ਕਰਨ ਸਬੰਧੀ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਮੌਕੇ 90 ਦੇ ਕਰੀਬ ਨੌਜਵਾਨਾਂ ਨੇ ਆਪਣਾ ਖੂਨ ਦਾਨ ਕੀਤਾ। ਇਸ ਮੌਕੇ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਅਤੇ ਸਿਟੀ ਵੈਲਫੇਅਰ ਕਲੱਬ ਡੇਰਾ ਬਾਬਾ ਨਾਨਕ ਵੱਲੋਂ ਖੂਨ ਦਾਨ ਕਰਨ ਵਾਲੇ ਦਾਨੀ ਸੱਜਣਾਂ ਲਈ ਰਿਫਰੈਸ਼ਮੈਂਟ ਲਈ ਫਰੂਟ ਅਤੇ ਜੂਸ ਦਿੱਤਾ ਗਿਆ। ਦੀਪ ਹਪਤਸਾਲ ਦੀ ਇੰਚਾਰਜ ਮੈਡਮ ਸੁਰਜੀਤ ਕੌਰ, ਡਾ. ਪਰਦੀਪ ਕੁਮਾਰ ਅਤੇ ਮਹਿੰਗਾ ਰਾਮ ਗਰੀਬ ਵੱਲੋਂ ਮੁੱਖ ਮਹਿਮਾਨ ਸਾਬਕਾ ਸਿਵਲ ਸਰਜਨ ਡਾ. ਕਿਸ਼ਨ ਚੰਦ ਅਤੇ ਐਸ.ਐਮ.ਓ. ਡਾ. ਹਰਪਾਲ ਸਿੰਘ ਅਤੇ ਹੋਰ ਸ਼ਖਸ਼ੀਅਤਾਂ ਨੂੰ ਦੋਸ਼ਾਲਾ ਅਤੇ ਮੋਮੈਂਟੋ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਡਾ. ਜਗਨ ਨਾਥ ਰਿਟਾਇਰਡ ਐੱਸਐਮਓ, ਡਾ. ਸੁਨੀਲ ਕੁਮਾਰ ਮੈਡੀਕਲ ਅਫਸਰ ਜਗਦੇਵ ਕਲਾਂ, ਡਾ. ਆਰ. ਐਸ. ਬਾਜਵਾ ਜਨਰਲ ਸਰਜਨ, ਡਾ. ਮੈਡਮ ਸਿਮਰਨ ਐਮ. ਡੀ., ਡਾ. ਪ੍ਰਗਤੀ ਸਿੰਘ ਮੈਡੀਕਲ ਅਫਸਰ, ਸੀਨੀਅਰ ਕਾਂਗਰਸੀ ਨੇਤਾ ਸ੍ਰੀ ਮਹਿੰਗਾ ਰਾਮ ਗਰੀਬ, ਡਾ. ਪਰਦੀਪ ਕੁਮਾਰ, ਸਿਟੀ ਵੈੱਲਫੇਅਰ ਦੇ ਅਡਵਾਈਜ਼ਰ ਡਾ. ਅਸ਼ੋਕ ਸੋਨੀ, ਵਿਜੇ ਕੁਮਾਰ ਵਿੱਗ ਸੀਨੀਅਰ ਮੀਤ ਪ੍ਰਧਾਨ ਸਿਟੀ ਵੈੱਲਫੇਅਰ ਕਲੱਬ, ਵਿਪਨ ਸੋਨੀ ਪ੍ਰਧਾਨ ਪੰਜਾਬ ਪ੍ਰਦੇਸ਼ ਵਪਾਰ ਮੰਡਲ ਡੇਰਾ ਬਾਬਾ ਨਾਨਕ, ਸੱਤ ਪਾਲ ਜਖਮੀ ਪ੍ਰੈਸ ਸਕੱਤਰ ਸਿਟੀ ਵੈਲਫੇਅਰ ਕਲੱਬ, ਬਲਵਿੰਦਰ ਸਿੰਘ ਬਿਲੂ ਗੋਰਾਇਆ,ਬਲਜੀਤ ਸਿੰਘ ਹੈਲਥ ਵਰਕਰ ਘੋਨੇਵਾਲਾ, ਰਾਜਪਾਲ ਸਿੰਘ, ਸੁਰਿੰਦਰ ਸਿੰਘ ਰਿਪਲ ਟੀ.ਵੀ.ਵਾਲੇ, ਅਸ਼ਵਨੀ ਅਰੋੜਾ, ਗੋਲਡੀ ਸੋਨੀ, ਅਰਜਨ ਸੋਨੀ, ਅਭੀ ਦਾਸ, ਮਾਨਵ ਆਦਿ ਨੇ ਸ਼ਮੂਲੀਅਤ ਕੀਤੀ।

ਜੀ ਆਈ ਗਲੋਬਲ ਸਕੂਲ ਖੇਡ ਮੇਲਾ ਸੰਪੰਨ

ਜਲੰਧਰ (ਰਾਜੇਸ਼ ਥਾਪਾ)

ਏ ਜੀ ਆਈ ਗਲੋਬਲ ਸਕੂਲ ਦਾ ਪੰਜ ਦਿਨਾ ਖੇਡ ਮੇਲਾ ਸ਼ਾਨਦਾਰ ਤਰੀਕੇ ਨਾਲ ਸਮਾਪਤ ਹੋਇਆ ਅਤੇ ਸਕੂਲ ਦੀ ਖੇਡ ਇੰਚਾਰਜ ਮਿਸ ਹਿਨਾ ਅਨੁਸਾਰ ਖੇਡਾਂ ਦੀ ਅਗਾਂਹਵਧੂ ਸਿਖਲਾਈ ਲਈ ਬਹੁਤ ਸਾਰੇ ਊਰਜਾਵਾਨ ਉਭਰਦੇ ਹੋਣਹਾਰ ਖਿਡਾਰੀਆਂ ਨੂੰ ਦੇਖਿਆ ਗਿਆ। ਇਸ ਖੇਡ ਫੈਸਟੀਵਲ ਦੇ ਆਖਰੀ ਦਿਨ ਸਕੂਲ ਦੀ ਚੇਅਰਮੈਨ ਸਲਵਿੰਦਰਜੀਤ ਕੌਰ ਨੇ ਐਲਾਨ ਕੀਤਾ ਕਿ ਅਸੀਂ ਸਕੂਲ ਵਿੱਚ ਖੇਡ ਅਕੈਡਮੀਆਂ ਬਣਾਵਾਂਗੇ ਅਤੇ ਸਕੂਲ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਾਂਗੇ ਕਿਉਂਕਿ ਸਕੂਲ ਵਿੱਚ ਪਹਿਲੇ ਹੀ ਕ੍ਰਿਕਟ, ਫੁੱਟਬਾਲ, ਬੈਡਮਿੰਟਨ, ਹੈਂਡਬਾਲ ਲਈ ਅਤੇ ਬਹੁਤ ਸਾਰੀਆਂ ਖੇਡਾਂ ਦਾ ਬੁਨਿਆਦੀ ਢਾਂਚਾ ਹੈ। ਇਸ ਦੇ ਨਾਲ ਹੀ ਰੋਲਰ ਸਕੇਟਿੰਗ, ਵਾਲੀਬਾਲ ਅਤੇ ਤੀਰਅੰਦਾਜ਼ੀ ਵਰਗੀਆਂ ਖੇਡਾਂ ਲਈ ਵੀ ਖੇਡ ਟਾਂਚਾ ਤਿਆਰ ਕੀਤਾ ਜਾਵੇਗਾ। ਇਸ ਮੌਕੇ ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਭਾਂਬਰੀ ਨੇ ਕਿਹਾ ਕਿ ਬੱਚਿਆਂ ਦੀ ਦਿਲਚਸਪੀ ਨੂੰ ਦੇਖਦੇ ਹੋਏ ਅਸੀਂ ਖੇਤਰ ਦੇ ਚੋਟੀ ਦੇ ਕੋਚਾਂ ਦੀ ਅਗਵਾਈ ਹੇਠ ਸਕੂਲੀ ਬੱਚਿਆਂ ਲਈ ਕ੍ਰਿਕਟ, ਬੈਡਮਿੰਟਨ ਅਤੇ ਫੁੱਟਬਾਲ ਅਕੈਡਮੀਆਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਏ ਜੀ ਆਈ ਇਨਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ (ਰਜਿ.) ਦੇ ਚੇਅਰਮੈਨ ਸੁਖਦੇਵ ਸਿੰਘ ਨੇ ਦੱਸਿਆ ਕਿ ਸਕੂਲ ਦੇ ਬੱਚਿਆਂ ਨੂੰ ਹਰ ਤਰ੍ਹਾਂ ਦਾ ਖੇਡ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਜਲਦੀ ਹੀ ਏਅਰ ਕੰਡੀਸ਼ਨਡ ਮਲਟੀਪਰਪਜ਼ ਸਟੇਡੀਅਮ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ, ਜਿਸ ਵਿੱਚ ਅਸੀਂ ਚਾਰ ਅੰਤਰਰਾਸ਼ਟਰੀ ਪੱਧਰ ਦੇ ਬੈਡਮਿੰਟਨ ਕੋਰਟਾਂ ਦੇ ਨਾਲ ਟੇਬਲ ਟੈਨਿਸ ਦੀਆਂ ਸਹੂਲਤਾਂ ਦੇ ਲਈ ਟੇਬਲ ਟੈਨਿਸ ਦੀਆਂ ਦਸ ਟੇਬਲਾਂ ਅਤੇ ਇੱਕ ਪੂਰਾ ਬਾਸਕਟਬਾਲ ਕੋਰਟ ਪ੍ਰਦਾਨ ਕਰਾਂਗੇ।

ਕੇਂਦਰ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ ਤੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਗੱਲਬਾਤ ਆਰੰਭੇ : ਵਿਰਸਾ ਸਿੰਘ ਵਲਟੋਹਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਅੱਜ ਕਿਹਾ ਕਿ ਜਿਸ ਤਰੀਕੇ ਕੇਂਦਰ ਸਰਕਾਰ ਨੇ ਸਰਗਰਮੀ ਵਿਖਾਉਂਦਿਆਂ 8 ਫੌਜੀਆਂ ਨੂੰ ਕਤਰ ਵਿਚ ਫਾਂਸੀ ਦੀ ਸਜ਼ਾ ਤੋਂ ਬਚਾਇਆ ਹੈ ਤੇ ਉਨ੍ਹਾਂ ਲਈ ਦੋ ਮਹੀਨਿਆਂ ਵਿਚ ਹੀ ਉਨ੍ਹਾਂ ਲਈ ਰਾਹਤ ਹਾਸਲ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ, ਉਸੇ ਤਰੀਕੇ ਇਸਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਸਾਰੇ ਬੰਦੀ ਸਿੰਘਾਂ ਜੋ ਪਿਛ

30-Dec-PAGE-4.qxd 12/29/2023 10:01 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 30 ਦਸੰਬਰ 2023

ਚੋਣ ਮਸ਼ੀਨਾਂ ਦਾ ਮੁੱਦਾ

ਸਿਰ 'ਤੇ ਆ ਚੁੱਕੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੋਟਿੰਗ ਮਸ਼ੀਨਾਂ ਵਿੱਚ ਹੇਰਾਫੇਰੀ ਦਾ ਮਸਲਾ ਇੱਕ ਵਾਰ ਫਿਰ ਮੁੱਦਾ ਬਣਦਾ ਨਜ਼ਰ ਆ ਰਿਹਾ ਹੈ।

ਇਸ ਸਮੇਂ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਈ ਵੀ ਐਮ ਵਿੱਚ ਮਨਮਰਜ਼ੀ ਦੀ ਵੋਟ ਪਾਈ ਜਾ ਸਕਦੀ ਹੈ। ਇਸ ਵੀਡੀਓ ਨੂੰ ਵੱਖ-ਵੱਖ ਸਿਆਸੀ ਆਗੂ ਸਾਂਝਾ ਕਰ ਰਹੇ ਹਨ। ਸ਼ਿਵ ਸੈਨਾ (ਠਾਕਰੇ) ਦੇ ਆਗੂ ਸੰਜੇ ਰਾਊਤ ਨੇ ਇਸ ਵੀਡੀਓ ਨੂੰ ਸਾਂਝਾ ਕਰਦਿਆਂ ਲਿਖਿਆ ਹੈ, "ਈ ਵੀ ਐਮ ਹੈ ਤਾਂ ਮੋਦੀ ਹੈ।" ਸੰਜੇ ਰਾਊਤ ਨੇ ਨਾਮੀ ਵਕੀਲ ਪ੍ਰਸ਼ਾਂਤ ਭੂਸ਼ਣ ਦੀ ਪੋਸਟ ਨੂੰ ਮੁੜ ਪੋਸਟ ਕੀਤਾ ਹੈ, ਜਿਸ ਵਿੱਚ ਉਨ੍ਹਾ ਕਿਹਾ ਹੈ, "ਖੁਦ ਦੇਖ ਲਓ, ਕਿਸ ਤਰ੍ਹਾਂ ਈ ਵੀ ਐਮ ਤੇ ਵੀ ਵੀ ਪੈਟ ਵਿੱਚ ਛੇੜਛਾੜ ਹੋ ਸਕਦੀ ਹੈ। ਚੋਣ ਨਿਸ਼ਾਨਾਂ ਦੀ ਲੋਡਿੰਗ ਸਮੇਂ ਜੋ ਪ੍ਰੋਗਰਾਮ ਪਾਇਆ ਜਾਂਦਾ ਹੈ, ਮਸ਼ੀਨ ਉਸ ਅਨੁਸਾਰ ਕੰਮ ਕਰਦੀ ਹੈ। ਇਸ ਕਾਰਨ ਬਹੁਤੇ ਦੇਸ਼ ਤੇ ਸਾਡਾ ਗੁਆਂਢੀ ਬੰਗਲਾਦੇਸ਼ ਮਸ਼ੀਨਾਂ ਬੰਦ ਕਰਕੇ ਮੁੜ ਬੈਲਟ ਪੇਪਰ ਰਾਹੀਂ ਚੋਣਾਂ ਕਰਾਉਣ ਲੱਗ ਪਏ ਹਨ। ਪਹਿਲਾਂ ਭਾਜਪਾ ਵਾਲੇ ਵੀ ਬੈਲਟ ਪੇਪਰ ਰਾਹੀਂ ਚੋਣਾਂ ਦੀ ਮੰਗ ਕਰਦੇ ਸਨ। ਹੁਣ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਬਦਲ ਗਏ ਹਨ। ਵੀ ਵੀ ਪੈਟ ਮਸ਼ੀਨ ਦਾ ਸ਼ੀਸ਼ਾ ਕਿਉਂ ਕਾਲਾ ਕੀਤਾ ਗਿਆ ਹੈ?"

ਆਮ ਆਦਮੀ ਪਾਰਟੀ ਗੁਜਰਾਤ ਦੇ ਪ੍ਰਧਾਨ ਇਸੁਦੀਨ ਗੜਵੀ ਨੇ ਵੀਡੀਓ ਵਿੱਚ ਈ ਵੀ ਐਮ ਹੈਕ ਕਰਨ ਵਾਲੇ ਵਿਅਕਤੀ ਬਾਰੇ ਕਿਹਾ ਹੈ, "ਰਾਹੁਲ ਮਹਿਤਾ ਆਈ ਆਈ ਟੀ ਵਿੱਚ ਪੜ੍ਹਿਆ ਹੋਇਆ ਹੈ। ਉਹ ਚੋਣ ਕਮਿਸ਼ਨ ਨੂੰ ਕਈ ਵਾਰ ਕਹਿ ਚੁੱਕਾ ਹੈ ਕਿ ਈ ਵੀ ਐਮ ਵਿੱਚ ਮੇਰਾ ਪ੍ਰੋਗਰਾਮ ਪਾ ਦਿਓ, ਮੈਂ 10 ਲੋਕਾਂ ਦੀ ਟੀਮ ਲੈ ਕੇ 11 ਲੱਖ ਮਸ਼ੀਨਾਂ ਵਿੱਚ ਜਿਸ ਉਮੀਦਵਾਰ ਨੂੰ ਜਿੰਨੇ ਫ਼ੀਸਦੀ ਵੋਟ ਚਾਹੀਦੇ ਹਨ, ਪਵਾ ਦੇਵਾਂਗਾ।" ਉਨ੍ਹਾ ਆਪਣੇ ਟਵੀਟ ਵਿੱਚ ਕਿਹਾ ਹੈ, "ਸਾਰੇ ਵਕੀਲ ਭਰਾਵਾਂ ਨੂੰ ਬੇਨਤੀ ਹੈ ਕਿ ਉਹ ਚੋਣ ਕਮਿਸ਼ਨ ਤੇ ਸੁਪਰੀਮ ਕੋਰਟ ਨੂੰ ਕਹਿਣ ਕਿ ਇਸ ਸਮੱਸਿਆ ਦਾ ਹੱਲ ਕੱਢਿਆ ਜਾਵੇ ਤਾਂ ਜੋ ਜਨਤਾ ਦਾ ਚੋਣ ਪ੍ਰਕਿਰਿਆ ਉੱਤੇ ਭਰੋਸਾ ਬਣਿਆ ਰਹੇ।

ਕਾਂਗਰਸ ਨੇਤਾ ਅਲਕਾ ਲਾਂਬਾ ਨੇ ਇਸ ਟਵੀਟ ਨੂੰ ਰੀਟਵੀਟ ਕਰਦਿਆਂ ਲਿਖਿਆ ਹੈ, "ਚੋਣ ਕਮਿਸ਼ਨ ਨੂੰ ਪ੍ਰਧਾਨ ਮੰਤਰੀ ਦੀ ਇਜਾਜ਼ਤ ਦਾ ਇੰਤਜ਼ਾਰ ਹੈ, ਜੋ ਕਦੇ ਨਾ ਖ਼ਤਮ ਹੋਣ ਵਾਲਾ ਹੈ।" ਉਨ੍ਹਾ ਚੋਣ ਕਮਿਸ਼ਨ ਤੇ ਪ੍ਰਧਾਨ ਮੰਤਰੀ ਨੂੰ ਵੀ ਟੈਗ ਕੀਤਾ ਹੈ। ਚੋਣ ਕਮਿਸ਼ਨ ਨੇ ਇਸ ਉੱਤੇ ਹਾਲੇ ਤੱਕ ਕੋਈ ਟਿੱਪਣੀ ਨਹੀਂ ਕੀਤੀ।

ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਦੇ ਚੋਣ ਨਤੀਜਿਆਂ ਦੇ ਬਾਅਦ ਤੋਂ ਹੀ ਵੋਟਿੰਗ ਮਸ਼ੀਨਾਂ ਉੱਤੇ ਸਵਾਲ ਉਠ ਰਹੇ ਹਨ। ਤਕਨੀਕੀ ਮਾਹਰ ਤੇ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਸੈਮ ਪਿਤਰੋਦਾ ਨੇ ਵੀ ਈ ਵੀ ਐਮ ਉੱਤੇ ਸੁਆਲ ਉਠਾਏ ਹਨ। ਉਨ੍ਹਾ ਕਿਹਾ ਹੈ ਕਿ ਉਹ ਕੌਮਾਂਤਰੀ ਮਾਹਰਾਂ ਨਾਲ ਮਿਲ ਕੇ ਇਹ ਸਾਬਤ ਕਰਨਗੇ ਕਿ ਵੋਟਿੰਗ ਮਸ਼ੀਨਾਂ ਨੂੰ ਆਪਣੀ ਸੁਵਿਧਾ ਅਨੁਸਾਰ ਕਿਸ ਤਰ੍ਹਾਂ ਕੰਟਰੋਲ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਈ ਵੀ ਐਮ ਨੂੰ ਵੀ ਵੀ ਪੈਟ ਨਾਲ ਜੋੜਨ ਲਈ ਇੱਕ ਵਿਸ਼ੇਸ਼ ਕੁਨੈਕਟਰ ਦੀ ਵਰਤੋਂ ਹੁੰਦੀ ਹੈ, ਜਿਸ ਨੂੰ ਐਸ ਐਲ ਯੂ ਕਿਹਾ ਜਾਂਦਾ ਹੈ। ਇਹ ਕੁਨੈਕਟਰ ਹੀ ਵੀ ਵੀ ਪੈਟ ਵਿੱਚ ਦਿਖਾਉਂਦਾ ਹੈ ਕਿ ਵੋਟ ਕਿਸ ਨੂੰ ਪੈ ਰਹੀ ਹੈ। ਇਸ ਕੁਨੈਕਟਰ ਵਿੱਚ ਵੋਟਾਂ ਪੈਣ ਤੋਂ ਪਹਿਲਾਂ ਪ੍ਰੋਗਰਾਮ ਲੋਡ ਕੀਤਾ ਜਾਂਦਾ ਹੈ। ਇਸ ਮੌਕੇ ਹੀ ਮਨਮਰਜ਼ੀ ਕੀਤੀ ਜਾ ਸਕਦੀ ਹੈ।

ਵਿਰੋਧੀ ਧਿਰਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਵੋਟਿੰਗ ਮਸ਼ੀਨਾਂ ਰਾਹੀਂ ਗੜਬੜ ਹੋਣ ਦੀਆਂ ਸ਼ੰਕਾਵਾਂ ਪ੍ਰਗਟ ਕੀਤੀਆਂ ਸਨ। ਉਸ ਸਮੇਂ 19 ਲੱਖ ਮਸ਼ੀਨਾਂ ਗਾਇਬ ਹੋਣ ਦੀਆਂ ਖ਼ਬਰਾਂ ਛਪੀਆਂ ਸਨ। ਚੋਣ ਕਮਿਸ਼ਨ ਹਮੇਸ਼ਾ ਈ ਵੀ ਐਮ ਮਸ਼ੀਨਾਂ ਬਾਰੇ ਖੰਡਨ ਕਰਦਾ ਰਿਹਾ ਹੈ। ਹੁਣ ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਯੂ ਪੀ ਵਿੱਚ 800 ਮਸ਼ੀਨਾਂ ਅੱਗ ਵਿੱਚ ਸੜ ਜਾਣ ਦਾ ਮੁੱਦਾ ਉਠਾ ਕੇ ਮਸ਼ੀਨਾਂ ਦੀ ਦੁਰਵਰਤੋਂ ਦਾ ਸ਼ੱਕ ਜ਼ਾਹਰ ਕੀਤਾ ਹੈ। ਹੁਣ ਇਹ ਮਸਲਾ ਗੰਭੀਰ ਰੂਪ ਹਾਸਲ ਕਰਦਾ ਨਜ਼ਰ ਆ ਰਿਹਾ ਹੈ। ਚੋਣ ਕਮਿਸ਼ਨ ਨੂੰ ਇਸ ਦੀ ਸਚਾਈ ਸਾਹਮਣੇ ਲਿਆਉਣੀ ਚਾਹੀਦੀ ਹੈ।

ਐਸ ਵਾਈ ਐੱਲ...

ਐਸ ਵਾਈ ਐੱਲ ਅਤੇ ਪਾਣੀ ਦਾ ਖ਼ੂਬ ਰੌਲਾ,
ਰੌਲਾ ਪਵੇ ਵਿੱਚ ਕਚਹਿਰੀਆਂ ਠਾਣਿਆਂ ਦੇ।
ਵੱਡ ਵਡੇਰੇ ਸਾਡੇ ਲੜਦੇ ਰਹੇ ਧਰਮ ਖਾਤਰ,
ਪੜ੍ਹਿਆ ਹੋਇਐ ਅਸੀਂ ਵਿੱਚ ਕਹਾਣੀਆਂ ਦੇ।
ਖਪੀਆਂ ਖ਼ੂਹਣੀਆਂ, ਲੜਦਿਆਂ ਹੱਦ ਖਾਤਰ,
ਰਾਜੇ ਲੜਿਆ ਕਰਦੇ ਸੀ, ਪਿੱਛੇ ਰਾਣੀਆਂ ਦੇ।
ਜਲ ਹੀ ਜੀਵਨ ਹੈ, ਪਾਣੀ ਹੀ ਪਿਤਾ ਸਾਡਾ,
ਗੁਰੂਆਂ ਲਿਖਿਆ ਹੋਇਐ, ਵਿੱਚ ਬਾਣੀਆਂ ਦੇ।
ਅਹੁਦੇ ਨਹੀਂ ਛੱਡ ਹੁੰਦੇ ਨਾਲੇ ਜਾਂਦੀ ਮੱਤ ਮਾਰੀ,
ਲਿਖ ਕੇ ਲੈ ਲਓ ਮੈਥੋਂ, ਜਦ ਹੋਊ ਜੰਗ ਤੀਜੀ,
ਜੰਗ ਤੀਜੀ ਹੋਊ, ਖਾਤਰ ਪਾਣੀਆਂ ਦੇ।

-ਜਗਦੇਸ਼ ਸ਼ਰਮਾ, 98727-87243

ਨਵੇਂ ਸਾਲ ਦੀਆਂ ਚੁਣੌਤੀਆਂ ਸਨਮੁੱਖ ਸਾਂਝੇ ਸੰਘਰਸ਼ਾਂ ਦੀ ਲੋੜ

ਵੇਦ ਪ੍ਰਕਾਸ਼

ਸਮਾਂ ਬਹੁਤ ਬਲਵਾਨ ਹੁੰਦਾ ਹੈ, ਜਿਹੜਾ ਬਿਨਾਂ ਕਿਸੇ ਰੁਕਾਵਟ ਲਗਾਤਾਰ ਚੱਲਦਾ ਰਹਿੰਦਾ ਹੈ। ਚੱਲਦਿਆਂ-ਚੱਲਦਿਆਂ ਉਹ ਆਪਣੇ ਮਿੱਠੇ-ਕੌੜੇ ਅਨੁਭਵ ਛੱਡ ਜਾਂਦਾ ਹੈ, ਜੋ ਸਮੇਂ ਦਾ ਇਤਿਹਾਸ ਬਣ ਜਾਂਦਾ ਹੈ। ਸਾਲ 2023 ਸਮਾਪਤ ਹੋ ਚੁੱਕਾ ਹੈ ਅਤੇ 2024 ਨੇ ਸਾਡੇ ਬੂਹੇ ਦਸਤਕ ਦਿੱਤੀ ਹੈ। ਅਸੀਂ ਮੁਲਾਜ਼ਮਾਂ, ਮਜ਼ਦੂਰਾਂ ਤੇ ਮਿਹਨਤਕਸ਼ ਲੋਕਾਂ ਨੂੰ ਨਵੇਂ ਸਾਲ ਦੀਆਂ ਇਨਕਲਾਬੀ ਵਧਾਈਆ ਪੇਸ਼ ਕਰਦੇ ਹਾਂ। ਨਵਾਂ ਸਾਲ ਜਿੱਥੇ ਉਨ੍ਹਾਂ ਲਈ ਨਵੀਆਂ ਵੰਗਾਰਾਂ ਅਤੇ ਚੁਣੌਤੀਆਂ ਲੈ ਕੇ ਆਇਆ ਹੈ, ਉੱਥੇ ਨਵੇਂ ਸਾਲ ਇਹ ਲੋਕ ਹੋਰ ਵਧੇਰੇ ਜਥੇਬੰਦ ਹੋ ਕੇ ਬੱਝਵੇਂ ਸੰਘਰਸ਼ਾਂ ਸਦਕਾ ਢੇਰ ਸਾਰੀਆਂ ਪ੍ਰਾਪਤੀਆਂ ਕਰਨ, ਇਹ ਸਾਡੀ ਉਮੰਗ ਅਤੇ ਆਸ਼ਾ ਹੈ।

ਬੀਤੇ ਸਾਲ ਦੁਨੀਆ ਭਰ ਵਿੱਚ ਗਰੀਬੀ ਤੇ ਅਮੀਰੀ ਦੇ ਪਾੜੇ ਵਿੱਚ ਅਥਾਹ ਵਾਧਾ ਹੋਇਆ ਹੈ। 'ਗਲੋਬਲ ਹੰਗਰ ਇੰਡੈਕਸ' ਰਿਪੋਰਟ ਅਨੁਸਾਰ ਭਾਰਤ 195 ਦੇਸ਼ਾਂ ਦੀ ਸੂਚੀ ਵਿੱਚ ਚਾਰ ਸਥਾਨ ਹੇਠਾਂ ਖਿਸਕ ਕੇ 111ਵੇਂ ਸਥਾਨ 'ਤੇ ਪੁੱਜ ਗਿਆ ਹੈ। ਇੱਕ ਅਧਿਐਨ ਮੁਤਾਬਿਕ ਜਿੱਥੇ ਹਰ 28 ਸੈਕਿੰਡ ਪਿੱਛੇ ਇੱਕ ਅਤੇ ਹਰ ਰੋਜ਼ 9 ਹਜ਼ਾਰ ਲੋਕ ਭੁੱਖ ਨਾਲ ਮਰ ਰਹੇ ਹਨ, ਉਦੋਂ ਸੰਸਾਰ ਦੀਆਂ ਭੋਜਨ ਤੇ ਪੀਣ ਵਾਲੇ ਪਾਣੀ ਵਾਲੀਆਂ 18 ਕੰਪਨੀਆਂ ਨੇ 1400 ਕਰੋੜ ਡਾਲਰ ਵਾਧੂ ਕਮਾਏ ਹਨ। ਇਸ ਸਮੇਂ ਕੰਪਨੀਆਂ ਦੇ ਮੁਖੀਆਂ (ਸੀ.ਈ.ਓਜ਼) ਦੀਆਂ ਤਨਖਾਹਾਂ ਵਿੱਚ 9 ਫੀਸਦੀ ਵਾਧਾ ਹੋਇਆ ਹੈ। ਇਸ ਦੇ ਮੁਕਾਬਲੇ ਕਿਰਤੀਆਂ ਦੀਆਂ ਤਨਖਾਹਾਂ 3 ਫੀਸਦੀ ਘਟੀਆਂ ਹਨ। ਨਵ-ਉਦਾਰਵਾਦੀ ਨੀਤੀਆਂ ਕਾਰਨ ਵਾਪਰੇ ਇਸ ਘਟਨਾਕ੍ਰਮ ਮੌਕੇ ਭਾਰਤ ਹੀ ਨਹੀਂ, ਸਗੋਂ ਫਰਾਂਸ, ਇੰਗਲੈਂਡ, ਅਮਰੀਕਾ, ਪਾਕਿਸਤਾਨ, ਅਫਗਾਨਿਸਤਾਨ, ਸ੍ਰੀਲੰਕਾ ਆਦਿ ਵੱਖ-ਵੱਖ ਦੇਸ਼ਾਂ ਅੰਦਰ ਲੋਕ ਆਰਥਿਕ ਸਹੂਲਤਾਂ ਵਿੱਚ ਕਟੌਤੀਆਂ, ਨਿੱਜੀਕਰਨ, ਮਹਿੰਗਾਈ ਅਤੇ ਜਬਰ ਵਿਰੁੱਧ ਸੜਕਾਂ 'ਤੇ ਆ ਕੇ ਅੱਥਰੂ ਗੈਸ ਦੇ ਗੋਲਿਆਂ, ਲਾਠੀਆਂ ਤੇ ਟੈਂਕਾਂ ਦਾ ਮੁਕਾਬਲਾ ਕਰਦੇ ਵੇਖੇ ਗਏ।

ਨਵੇਂ ਸਾਲ ਦੀਆਂ ਚੁਣੌਤੀਆਂ ਵਿੱਚ ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਇੱਕ-ਮੁੱਠ ਸੰਘਰਸ਼ ਸਮੇਂ ਦੀ ਲੋੜ ਹੈ। ਸਾਡੇ ਦੇਸ਼ ਅੰਦਰ ਵੀ ਅੰਤਰ-ਰਾਸ਼ਟਰੀ ਮੁਦਰਾ ਕੋਸ਼ ਅਤੇ ਆਲਮੀ ਬੈਂਕ ਵੱਲੋਂ ਨਿਰਦੇਸ਼ਿਤ ਨੀਤੀਆਂ ਸਦਕਾ ਬੈਂਕ, ਬੀਮਾ, ਰੇਲਵੇ, ਹਵਾਈ ਸੇਵਾਵਾਂ, ਬੀ.ਐੱਸ.ਐੱਨ.ਐੱਲ., ਸਿੱਖਿਆ, ਸਿਹਤ, ਟਰਾਂਸਪੋਰਟ, ਪਾਵਰ ਤੇ ਸੁਰੱਖਿਆ ਆਦਿ ਦਾ ਤੇਜ਼ੀ ਨਾਲ ਨਿੱਜੀਕਰਨ ਕੀਤਾ ਜਾ ਰਿਹਾ ਹੈ। ਗਰੀਬਾਂ ਨੂੰ ਮਿਲਦੀਆਂ ਸਬਸਿਡੀਆਂ ਬੰਦ ਕਰਨ ਅਤੇ ਧਨਾਢਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਅਤੇ ਟੈਕਸ-ਛੋਟਾਂ ਦੇਣ ਸਦਕਾ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਹੇ ਹਨ। 'ਅੌਕਸਫਾਮ' ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੇ ਹੇਠਲੇ 50 ਪ੍ਰਤੀਸ਼ਤ ਲੋਕਾਂ ਕੋਲ ਦੇਸ਼ ਦੀ ਕੁੱਲ ਦੌਲਤ ਦਾ ਸਿਰਫ 3 ਫੀਸਦੀ ਹਿੱਸਾ ਹੈ, ਜਦੋਂ ਕਿ ਉਪਰਲੇ 30 ਪ੍ਰਤੀਸ਼ਤ ਅਮੀਰਾਂ ਕੋਲ ਕੁੱਲ ਦੌਲਤ ਦਾ 90 ਫੀਸਦੀ ਤੋਂ ਵੀ ਵਧੇਰੇ ਹਿੱਸਾ ਹੈ। ਰਾਜਸੱਤਾ ਨਾਲ ਮਿਲ ਕੇ ਅਮੀਰ ਕਿਵੇਂ ਅਮੀਰ ਹੁੰਦੇ ਹਨ, ਇਸ ਦੀ ਉਦਾਹਰਣ ਏਸ਼ੀਆ ਦੇ ਨੰਬਰ 1 ਅਤੇ ਸੰਸਾਰ ਭਰ 'ਚੋਂ ਨੰਬਰ 2 ਦੇ ਅਮੀਰ ਗੁਜਰਾਤ ਦੇ ਗੌਤਮ ਅਡਾਨੀ ਦੀ ਸੰਪਤੀ ਸੰਬੰਧੀ ਹਿੰਡਨਬਰਗ ਰਿਸਰਚ ਰਿਪੋਰਟ ਨੇ ਦੱਸ ਦਿੱਤਾ ਹੈ। ਅਡਾਨੀ ਦਾ ਕਾਰੋਬਾਰ ਪੂਰੀ ਤਰ੍ਹਾਂ ਨਾਲ ਝੂਠ, ਠੱਗੀ-ਠੋਰੀ ਅਤੇ ਧੋਖਾਧੜੀ ਦੇ ਸਹਾਰੇ ਹੀ ਵਧਿਆ ਹੈ। ਇਸ ਲਈ ਸੇਵਾਵਾਂ ਦੇ ਨਿੱਜੀਕਰਨ ਖਿਲਾਫ ਸਾਂਝੇ ਮੰਚ ਉਸਾਰਨੇ ਅਤੇ ਤਿੱਖੇ ਸੰਘਰਸ਼ਾਂ ਦੇ ਰਾਹ ਪੈਣਾ ਹੀ ਸਮੇਂ ਦੀ ਇਤਿਹਾਸਕ ਲੋੜ ਹੈ।

ਲੋਕ ਸਭਾ ਵਿੱਚ ਪਾਸ ਕੀਤੇ ਬਿਨਾਂ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਜਾ ਰਹੀ ਹੈ। ਪਾਠ-ਪੁਸਤਕਾਂ ਵਿੱਚੋਂ ਮੁਗਲ ਬਾਦਸ਼ਾਹਾਂ, ਸੁਲਤਾਨਾਂ, ਜਮਹੂਰੀਅਤ ਨੂੰ ਚੁਣੌਤੀਆਂ, ਜਮਹੂਰੀਅਤ ਦੀ ਵੰਨ-ਸੁਵੰਨਤਾ, ਸਨਅਤੀ ਇਨਕਲਾਬ, ਡਾਰਵਿਨ ਦਾ ਸਿਧਾਂਤ ਆਦਿ ਵਰਗੇ ਵਿਸ਼ੇ ਹਟਾਏ ਜਾ ਰਹੇ ਹਨ। ਲੋਕਤੰਤਰ ਅੰਦਰ ਲੋਕਾਂ ਦੀ ਆਵਾਜ਼ ਨੂੰ ਪੂਰੀ ਤਰ੍ਹਾਂ ਦਬਾਇਆ ਜਾ ਰਿਹਾ ਹੈ। ਲੋਕਾਂ ਵੱਲੋਂ ਹਾਕਮਾਂ ਦੀਆਂ ਨੀਤੀਆਂ ਦਾ ਵਿਰੋਧ ਕਰਨ 'ਤੇ ਨਿਆਂਪਾਲਿਕਾ ਨੂੰ ਲਾਂਭੇ ਰੱਖ ਕੇ ਬੁਲਡੋਜ਼ਰ ਚਲਾਏ ਜਾਂਦੇ ਹਨ। ਕਿਰਤੀਆਂ ਨੂੰ ਥੋੜ੍ਹੀ-ਬਹੁਤੀ ਰਾਹਤ ਦਿੰਦੇ 40 ਕਿਰਤ ਕਾਨੂੰਨਾਂ ਦੀ ਥਾਂ 4 ਕਿਰਤ ਕੋਡ ਬਣਾਏ ਜਾ ਚੁੱਕੇ ਹਨ। ਕਿਰਤੀਆਂ ਤੋਂ ਜਥੇਬੰਦੀ ਬਣਾਉਣ ਅਤੇ ਹੜਤਾਲ ਕਰਨ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ। ਸਰਕਾਰੀ ਵਿਭਾਗਾਂ ਅੰਦਰ ਇੱਕਾ-ਦੁੱਕਾ ਮੁਲਾਜ਼ਮਾਂ ਨੂੰ ਮੁਅੱਤਲ/ਬਰਖਾਸਤ ਕਰਦਿਆਂ ਤਾਂ ਸੁਣਿਆ ਸੀ, ਪਰ ਇੱਥੇ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਤੰਤਰ ਦਾ ਘਾਣ ਕਰਦਿਆਂ ਮੁਅੱਤਲ ਕੀਤਾ ਜਾ ਰਿਹਾ ਹੈ ਤਾਂ ਜੋ ਆਪਣੀ ਬਹੁ-ਗਿਣਤੀ ਦੇ ਸਹਾਰੇ ਬਿਨਾਂ ਬਹਿਸ ਦੇ ਲੋਕ ਵਿਰੋਧੀ ਬਿੱਲ ਪਾਸ ਕੀਤੇ ਜਾ ਸਕਣ।

ਪੰਜਾਬ ਦੇ ਮੁਲਾਜ਼ਮਾਂ ਸਨਮੁੱਖ ਨਵੇਂ ਸਾਲ ਦੀ ਵੱਡੀ ਚੁਣੌਤੀ ਇਹ ਵੀ ਹੈ ਕਿ ਲੰਮੇ ਸਮੇਂ ਤੋਂ ਕੰਮ ਕਰ ਰਹੇ ਕੱਚੇ, ਠੇਕਾ ਅਧਾਰਿਤ, ਮਾਣ-ਭੱਤਾ ਤੇ ਆਊਟਸੋਰਸ ਮੁਲਾਜ਼ਮ ਜਿਨ੍ਹਾਂ ਨੂੰ ਪੱਕਾ ਕਰਨ ਲਈ ਹਰ ਸਰਕਾਰ ਲਾਰੇ, ਨਾਅਰੇ, ਵਾਅਦੇ ਅਤੇ ਦਾਅਵੇ ਤਾਂ ਕਰਦੀ ਰਹੀ ਹੈ, ਪਰ ਅਮਲ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ। ਬੀਤੇ ਸਾਲ ਲੱਗਭੱਗ 12 ਹਜ਼ਾਰ ਕੱਚੇ ਅਧਿਆਪਕਾਂ ਨੂੰ ਕਥਿਤ ਤੌਰ 'ਤੇ ਪੱਕਾ ਕਰਨ ਸਮੇਂ ਉਨ੍ਹਾਂ ਨੂੰ ਕੋਈ ਰੈਗੂਲਰ ਸਕੇਲ, ਮਹਿੰਗਾਈ ਭੱਤਾ, ਮਕਾਨ ਕਿਰਾਇਆ ਭੱਤਾ, ਮੋਬਾਇਲ ਭੱਤਾ, ਲੀਵ ਇਨਕੈਸ਼ਮੈਂਟ, ਐੱਲ.ਟੀ.ਸੀ., ਪੈਨਸ਼ਨ ਆਦਿ ਕੁਝ ਵੀ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਨੂੰ ਸਿਰਫ ਇਹ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਉਹ 58 ਸਾਲ ਦੀ ਉਮਰ ਤੱਕ ਸੇਵਾ ਕਰਦੇ ਰਹਿਣਗੇ। ਇਸੇ ਤਰ੍ਹਾਂ ਦੂਸਰੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਅਜਿਹੀ ਹੀ ਨਖਿੱਧ ਨੀਤੀ ਬਣ ਚੁੱਕੀ ਹੈ।

ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਬਾਰੇ ਹੁਣ ਤੱਕ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ ਗਈ। ਉਨ੍ਹਾਂ ਨੂੰ ਸੰਬੰਧਤ ਵਿਭਾਗਾਂ ਵਿੱਚ ਮਰਜ ਕਰਨ ਦਾ ਸਵਾਲ ਹੈ। ਆਪਣੀ ਜ਼ਿੰਦਗੀ ਦੇ ਬਿਹਤਰੀਨ ਸਾਲ ਨੌਕਰੀ ਦੇ ਲੇਖੇ ਲਾਉਣ ਵਾਲੇ ਮੁਲਾਜ਼ਮਾਂ ਕੋਲ ਵਡੇਰੀ ਉਮਰ ਵਿੱਚ ਪੈਨਸ਼ਨ ਹੀ ਇੱਕ ਮਾਤਰ ਸਹਾਰਾ ਹੁੰਦਾ ਹੈ। ਇਸ ਲਈ ਉਨ੍ਹਾਂ ਲਈ ਨਵੀਂ ਪੈਨਸ਼ਨ ਸਕੀਮ ਦੀ ਥਾਂ ਪੁਰਾਣੀ ਪੈਨਸ਼ਨ ਪ੍ਰਣਾਲੀ ਹੀ ਵਧੇਰੇ ਲਾਹੇਵੰਦ ਹੋ ਸਕਦੀ ਹੈ। ਜਿਸ ਨੂੰ ਲਾਗੂ ਕਰਨ ਲਈ ਮੌਜੂਦਾ ਸਰਕਾਰ ਨੇ ਹਿਮਾਚਲ, ਰਾਜਸਥਾਨ ਦੀਆਂ ਚੋਣਾਂ ਵਿੱਚ ਲਾਹਾ ਲੈਣ ਦੀ ਤਾਕ ਨਾਲ ਲੰਗੜੀ ਨੋਟੀਫਿਕੇਸ਼ਨ ਜਾਰੀ ਤਾਂ ਕਰ ਦਿੱਤੀ ਸੀ, ਪਰ ਇਸ ਨੂੰ ਅਮਲੀ ਰੂਪ ਵਿੱਚ ਅਜੇ ਤੱਕ ਵੀ ਲਾਗੂ ਨਹੀਂ ਕੀਤਾ ਗਿਆ।

ਮੁਲਾਜ਼ਮਾਂ ਸਨਮੁੱਖ ਨਵੇਂ ਸਾਲ ਦੀਆਂ ਚੁਣੌਤੀਆਂ ਵਿੱਚੋਂ ਇੱਕ ਚੁਣੌਤੀ ਇਹ ਵੀ ਹੈ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਅਤੇ ਯੂ.ਟੀ. ਦੇ ਮੁਲਾਜ਼ਮ ਤਾਂ 46 ਪ੍ਰਤੀਸ਼ਤ ਮਹਿੰਗਾਈ ਭੱਤਾ ਲੈ ਰਹੇ ਹਨ, ਜਦੋਂ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਸਿਰਫ 38 ਪ੍ਰਤੀਸ਼ਤ ਮਹਿੰਗਾਈ ਭੱਤਾ ਦਿੱਤਾ ਜਾ ਰਿਹਾ ਹੈ, ਜਦੋਂ ਕਿ ਇਸ ਜਨਵਰੀ ਤੋਂ ਮਹਿੰਗਾਈ ਭੱਤੇ ਦੀ ਇੱਕ ਹੋਰ ਕਿਸ਼ਤ ਡਿਊ ਹੋ ਜਾਣੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਮੁਲਾਜ਼ਮਾਂ ਦੇ ਸਰਕਾਰ ਵੱਲ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ

30-DEC-PAGE-10.qxd 12/29/2023 9:58 PM Page 1

ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹੈ : ਵਿਧਾਇਕ ਗੋਲਡੀ

ਆਲਮ ਕੇ ਵਿਖੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

ਵਿਧਾਇਕ ਗੋਲਡੀ ਆਲਮ ਕੇ 'ਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਦੇ ਹੋਏ।

ਜਲਾਲਾਬਾਦ (ਜੀਤ ਕੁਮਾਰ)-ਪਿੰਡ ਆਲਮ ਕੇ ਵਿਖੇ ਨਵੇਂ ਤਿਆਰ ਹੋਏ ਛੱਪੜ, ਖੇਡ ਸਟੇਡੀਅਮ ਤੇ ਪਾਰਕ ਦਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾ ਨਾਲ ਪਿੰਡ ਦੀ ਪੰਚਾਇਤ ਦੇ ਆਗੂ ਤੇ ਹੋਰ ਆਮ ਆਦਮੀ ਪਾਰਟੀ ਦੇ ਆਗੂ ਤੇ ਵਲੰਟੀਅਰ ਮੌਜੂਦ ਸਨ। ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ 'ਚ ਵਿਕਾਸ ਕਾਰਜਾਂ ਦੇ ਕੰਮ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਹਨ ਤੇ ਇਸੇ ਤਹਿਤ ਹੀ ਪਿੰਡ ਆਲਮ ਕੇ ਵਿਖੇ ਨਵੇਂ ਛੱਪੜ, ਖੇਡ ਸਟੇਡੀਅਮ ਤੇ ਪਾਰਕ ਪਿੰਡ ਦੇ ਲੋਕਾਂ ਨੂੰ ਸਮਰਪਤ ਕੀਤਾ ਗਿਆ ਹੈ ਤਾਂ ਕਿ ਲੋਕਾਂ ਨੂੰ ਨਿਕਾਸੀ ਪਾਣੀ ਲਈ ਪ੍ਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ ਤੇ ਨਾਲ ਹੀ ਪਿੰਡ ਦੇ ਲੋਕ ਅਰਾਮ ਨਾਲ ਪਾਰਕ 'ਚ ਸੈਰ ਆਦਿ ਦਾ ਆਨੰਦ ਮਾਣ ਸਕਣ ਅਤੇ ਨਾਲ ਹੀ ਨੌਜਵਾਨਾਂ ਲਈ ਵਾਲੀਬਾਲ ਦਾ ਖੇਡ ਸਟੇਡੀਅਮ ਲੱਖਾਂ ਰੁਪਏ ਦੀ ਲਾਗਤ ਨਾਲ ਤਿਆਰ ਕਰਵਾ ਕੇ ਦਿੱਤਾ ਗਿਆ ਹੈ ਤਾਂ ਕਿ ਨੌਜਵਾਨ ਖੇਡਾਂ ਖੇਡ ਕੇ ਸਰੀਰਕ ਪੱਖੋਂ ਤੰਦਰੁਸਤ ਹੋ ਸਕਣ। ਉਨ੍ਹਾ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਿੰਡ ਨੂੰ ਸਾਫ ਸੁੱਥਰਾ ਰੱਖਣ ਲਈ ਯੋਗਦਾਨ ਦੇਣ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਸੁਖਵਿੰਦਰ ਸਿੰਘ ਆਲਮ ਕੇ, ਮਾਰਕਿਟ ਕਮੇਟੀ ਚੇਅਰਮੈਨ ਦੇਵ ਰਾਜ ਸ਼ਰਮਾ, ਬੀ.ਡੀ.ਪੀ.ਓ. ਜਲਾਲਾਬਾਦ ਪਿਆਰ ਸਿੰਘ, ਰਾਜਿੰਦਰ ਸਿੰਘ ਤੋਂ ਇਲਾਵਾ ਪਿੰਡ ਦੇ ਸਰਪੰਚ, ਪੰਚ ਤੇ ਨਾਲ ਹੋਰ ਪਤਵੰਤੇ ਵੀ ਹਾਜ਼ਰ ਸਨ।

'ਸਫਰ ਏ ਸ਼ਹਾਦਤ' ਨੂੰ ਸਮਰਪਤ ਖੂਨਦਾਨ ਕੈਂਪ 'ਚ 53 ਯੂਨਿਟ ਖੂਨ ਇਕੱਤਰ

ਕੋਟਕਪੂਰਾ (ਰਛਪਾਲ ਭੁੱਲਰ)

ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਵੱਲੋਂ ਪੀ.ਬੀ.ਜੀ. ਵੈੱਲਫੇਅਰ ਕਲੱਬ ਦੇ ਸਹਿਯੋਗ ਨਾਲ 'ਸਫਰ-ਏ-ਸ਼ਹਾਦਤ' ਤਹਿਤ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਤ ਲਾਏ ਗਏ ਖੂਨਦਾਨ ਕੈਂਪ ਦਾ ਉਦਘਾਟਨ ਗੁਰਦਵਾਰਾ ਪਾਤਸ਼ਾਹੀ ਦਸਵੀਂ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਚਾਣਕੀਆ ਨੇ ਰਿਬਨ ਕੱਟ ਕੇ ਅਤੇ ਖੂਨਦਾਨੀਆਂ ਨੂੰ ਆਸ਼ੀਰਵਾਦ ਦੇ ਕੇ ਕੀਤਾ। ਪੀ.ਬੀ.ਜੀ. ਵੈੱਲਫੇਅਰ ਕਲੱਬ ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਲਾਇਨਜ਼ ਕਲੱਬ ਰਾਇਲ ਦੇ ਪ੍ਰਧਾਨ ਦੀਦਾਰ ਸਿੰਘ ਸਮੇਤ ਪੂਰੀ ਕਾਰਜਕਾਰਨੀ ਦੇ ਮੈਂਬਰ ਉੱਥੇ ਬਿਰਾਜਮਾਨ ਸਨ। ਉਨ੍ਹਾ ਦੱਸਿਆ ਕਿ ਬਲੱਡ ਬੈਂਕ ਦੀ ਟੀਮ ਵੱਲੋਂ ਇਸ ਮੌਕੇ 53 ਯੂਨਿਟ ਖੂਨ ਇਕੱਤਰ ਕੀਤਾ ਗਿਆ। ਪੀ.ਬੀ.ਜੀ. ਵੈੱਲਫੇਅਰ ਕਲੱਬ ਦੇ ਪ੍ਰਧਾਨ ਰਾਜੀਵ ਮਲਿਕ, ਚੇਅਰਮੈਨ ਬਲਜੀਤ ਸਿੰਘ ਖੀਵਾ, ਦਿਹਾਤੀ ਇੰਚਾਰਜ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ, ਜਨਰਲ ਸਕੱਤਰ ਗੌਰਵ ਗਲਹੋਤਰਾ, ਰਵੀ ਅਰੋੜਾ, ਮਨਜੀਤ ਨੰਗਲ, ਮੰਜੂ ਬਾਲਾ, ਨੀਰੂ ਪੁਰੀ, ਮਾਹੀ ਕੋਟਕਪੂਰਾ, ਮਾਨਸੀ ਕਾਲੜਾ, ਸੰਤੋਸ਼ ਰਾਣੀ ਨੇ ਦੱਸਿਆ ਕਿ ਦਾਨੀ ਸੱਜਣਾਂ ਨੂੰ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਪੀ ਆਰ ਓ ਮਨਪ੍ਰੀਤ ਸਿੰਘ ਮਨੀ ਧਾਲੀਵਾਲ ਤੇ ਉੱਘੇ ਲੇਖਕ ਮੱਖਣ ਬਰਾੜ ਮੱਲਕੇ ਸਮੇਤ ਵੱਖ ਵੱਖ ਸ਼ਖਸੀਅਤਾਂ ਨੇ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਰਜੀਤ ਸਿੰਘ ਘੁਲਿਆਣੀ, ਮਨਜੀਤ ਸਿੰਘ ਲਵਲੀ, ਅਮਰਦੀਪ ਸਿੰਘ ਮੀਤਾ, ਗੁਰਮੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਔਲਖ, ਬੂਟਾ ਸਿੰਘ ਬਰਾੜ, ਦੀਪਕ ਮੌਂਗਾ, ਲਖਵਿੰਦਰ ਸਿੰਘ ਰੋਮਾਣਾ, ਡਾ. ਸੁਨੀਲ ਛਾਬੜਾ, ਸ਼ਸ਼ੀ ਨਰੂਲਾ, ਕਿੱਟੂ ਅਹੂਜਾ, ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

ਲਾਰੈਂਸ ਇੰਟਰਨੈਸ਼ਨਲ ਸਕੂਲ 'ਚ 'ਸਾਲਾਨਾ ਖੇਡ ਪ੍ਰਤੀਯੋਗਤਾ' ਕਰਵਾਈ

ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਵੀ ਬੁਲੰਦੀਆਂ ਹਾਸਲ ਕਰ ਰਹੇ ਹਨ : ਪ੍ਰਿੰ. ਗਰਗ

ਬਾਘਾ ਪੁਰਾਣਾ (ਮਨੀ ਸਿੰਗਲਾ)

ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਚੇਅਰਮੈਨ ਤਰਸੇਮ ਲਾਲ ਗਰਗ, ਪ੍ਰਿੰਸੀਪਲ ਜ਼ੀਨਮ ਗਰਗ ਤੇ ਮਨੋਜ ਕੁਮਾਰ ਦੀ ਯੋਗ ਅਗਵਾਈ ਹੇਠ ਹੋ ਰਹੀ 'ਸਾਲਾਨਾ ਖੇਡ ਪ੍ਰਤੀਯੋਗਤਾ' ਦੇ ਫਾਈਨਲ ਮੈਚ ਕਰਵਾਏ ਗਏ, ਜਿਸ ਦੌਰਾਨ ਬੱਚਿਆਂ ਵਿੱਚ ਬਹੁਤ ਹੀ ਜੋਸ਼ ਤੇ ਉਤਸ਼ਾਹ ਦੇਖਣ ਨੂੰ ਮਿਲਿਆ।ਬੱਚਿਆਂ ਨੇ ਆਪਣੇ ਜ਼ੋਰਦਾਰ ਪ੍ਰਦਰਸ਼ਨ ਨਾਲ ਸਾਰਿਆਂ ਦਾ ਮਨ ਮੋਹ ਲਿਆ।ਲੜਕੀਆਂ ਦੇ ਖੋ-ਖੋ ਤੇ ਫੁੱਟਬਾਲ (ਲੜਕਿਆਂ) ਦੇ ਜ਼ੋਨ ਮੁਤਾਬਕ ਮੁਕਾਬਲੇ ਕਰਵਾਏ ਗਏ।ਨਾਈਟਸ ਹਾਊਸ (ਜ਼ੋਨ) ਖੋ-ਖੋ ਤੇ ਆਰਿਯਨ ਹਾਊਸ ਦੀ ਟੀਮ ਫੁੱਟਬਾਲ ਵਿੱਚੋਂ ਜੇਤੂ ਰਹੀ।ਇਸ ਤੋਂ ਇਲਾਵਾ ਟਗ ਆਫ ਦੀ ਵਾਰ ਲੜਕੀਆਂ 'ਚੋਂ ਸਪਾਰਟਨ ਦੀ ਟੀਮ ਤੇ ਲੜਕਿਆਂ 'ਚੋਂ ਵਾਈਕਿੰਗ ਅਤੇ ਨਾਈਟਸ ਦੀ ਟੀਮ ਜੇਤੂ ਰਹੀ।ਫਰਾਗ ਰੇਸ 'ਚੋਂ ਐੱਲ.ਕੇ.ਜੀ. ਦਾ ਗੁਰਫਤਿਹ ਪਹਿਲੇ ਤੇ ਨਰਸਰੀ ਜਮਾਤ ਦਾ ਸਾਹਿਬ ਦੂਜੇ ਨੰਬਰ 'ਤੇ ਆਇਆ।ਰਿਗ ਰੇਸ 'ਚੋਂ ਮਨਵੀਰ ਯੂ.ਕੇ.ਜੀ. ਪਹਿਲੇ, ਜਸਨੂਰ ਯੂ.ਕੇ.ਜੀ. ਦੂਸਰੇ ਤੇ ਯਸ਼ਵੀਰ ਐੱਲ.ਕੇ.ਜੀ. ਤੀਸਰੇ ਸਥਾਨ 'ਤੇ ਰਿਹਾ।ਪਿੱਕ ਐਂਡ ਡਰੋਪ ਬਾਲ 'ਚੋਂ ਮਹਿਤਾਬ ਯੂ.ਕੇ.ਜੀ. ਨੇ ਪਹਿਲਾ, ਜਸਨੂਰ ਨੇ ਦੂਜਾ ਤੇ ਯਸ਼ਵੀਰ ਐੱਲ.ਕੇ.ਜੀ. ਨੇ ਤੀਜਾ ਸਥਾਨ ਹਾਸਲ ਕੀਤਾ।ਇਸੇ ਗੇਮ ਵਿੱਚੋਂ ਦੂਸਰੀ ਜਮਾਤ ਦੀ ਗੁਰਜੋਤ ਨੇ ਪਹਿਲਾ, ਫਸਟ ਦੇ ਰਣਜੋਤ ਨੇ ਦੂਸਰਾ ਤੇ ਦੂਸਰੀ ਦੇ ਪ੍ਰਭਜੀਤ ਨੇ ਤੀਸਰਾ ਸਥਾਨ ਹਾਸਲ ਕੀਤਾ।ਬਿਸਕੁੱਟ ਰੇਸ 'ਚੋਂ ਜੋਧਫਤਿਹ ਚੌਥੀ ਜਮਾਤ ਨੇ ਪਹਿਲਾ, ਅਮਰੀਨ ਨੇ ਦੂਜਾ ਤੇ ਮਨਵੀਰ ਨੇ ਤੀਜਾ ਸਥਾਨ ਹਾਸਲ ਕੀਤਾ। ਬਾਲ ਬੈਲੇਂਸ ਵਿੱਚੋਂ ਤੀਸਰੀ ਜਮਾਤ ਦੀ ਨਿਮਰਤ ਤੇ ਲਵਪ੍ਰੀਤ ਨੇ ਪਹਿਲਾ ਤੇ ਦੂਜਾ ਅਤੇ ਚੌਥੀ ਜਮਾਤ ਦੇ ਹਰਜੋਤ ਨੇ ਤੀਜਾ ਸਥਾਨ, ਲੱਕੀ ਸਰਕਲ ਗੇਮ 'ਚੋਂ ਚੌਥੀ ਦੇ ਮਨਵੀਰ ਨੇ ਪਹਿਲਾ, ਅਮਰੀਨ ਨੇ ਦੂਜਾ ਤੇ ਪੰਜਵੀਂ ਜਮਾਤ ਦੀ ਪ੍ਰਭਜੋਤ ਨੇ ਤੀਜਾ ਸਥਾਨ ਹਾਸਲ ਕੀਤਾ।ਵਨ-ਲੈੱਗ ਰੇਸ 'ਚੋਂ ਜੋਧਫਤਿਹ ਨੇ ਪਹਿਲਾ ਤੇ ਤਨੂਪ੍ਰੀਤ ਨੇ ਦੂਜਾ ਸਥਾਨ ਹਾਸਲ ਕੀਤਾ।ਲੌਂਗ ਜੰਪ 'ਚੋਂ ਦਸਵੀਂ ਦੇ ਜਸਕਰਨ ਨੇ ਪਹਿਲਾ, ਗਿਆਰਵੀਂ ਦੇ ਗੁਰਪ੍ਰੀਤ ਨੇ ਦੂਜਾ ਤੇ ਸੁਖਨਾਮ ਨੇ ਤੀਜਾ ਸਥਾਨ ਹਾਸਲ ਕੀਤਾ।ਸ਼ਾਟਪੁੱਟ 'ਚੋਂ ਗਿਆਰਵੀਂ ਦੇ ਮਨਜੋਤ ਨੇ ਪਹਿਲਾ, ਸੁੱਖਨਾਮ ਨੇ ਦੂਜਾ ਤੇ ਗੁਰਪ੍ਰੀਤ ਨੇ ਤੀਜਾ ਸਥਾਨ, 100 ਮੀਟਰ ਰੇਸ 'ਚੋਂ ਸੱਤਵੀਂ ਦੇ ਸਤਨਾਮ ਸਿੰਘ ਨੇ ਪਹਿਲਾ, ਅੱਠਵੀਂ ਦੇ ਵਿਸ਼ਵਜੀਤ ਨੇ ਦੂਜਾ ਤੇ ਛੇਵੀਂ ਦੇ ਜਿੱਤਕਰਨ ਨੇ ਤੀਜਾ ਸਥਾਨ ਹਾਸਲ ਕੀਤਾ।ਸੈਕ ਰੇਸ 'ਚੋਂ ਛੇਵੀਂ ਦੇ ਜਿੱਤਕਰਨ ਨੇ ਪਹਿਲਾ, ਨਵਦੀਪ ਕੌਰ ਨੇ ਦੂਜਾ ਤੇ ਫਤਿਹ ਨੇ ਤੀਜਾ ਸਥਾਨ, 200 ਮੀਟਰ ਰੇਸ 'ਚੋਂ ਦਸਵੀਂ ਦੇ ਸੁਖਦੀਪ ਨੇ ਪਹਿਲਾ, ਜਸ਼ਨਪ੍ਰੀਤ ਨੇ ਦੂਜਾ ਤੇ ਨੌਵੀਂ ਦੇ ਰੋਬਿਨ ਨੇ ਤੀਜਾ ਸਥਾਨ ਹਾਸਲ ਕੀਤਾ।ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਤਮਗੇ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਮੈਡਮ ਜ਼ੀਨਮ ਗਰਗ ਤੇ ਮਨੋਜ ਕੁਮਾਰ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਭਵਿੱਖ ਵਿੱਚ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਤੇ ਆਪਣਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾ ਦੱਸਿਆ ਕਿ ਲਾਰੈਂਸ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਖੇਡਾਂ 'ਚ ਵੀ ਬੁਲੰਦੀਆਂ ਹਾਸਲ ਕਰ ਰਹੇ ਹਨ।ਇਸ ਸੰਸਥਾ ਦਾ ਮੁੱਖ ਉਦੇਸ਼ ਬੱਚਿਆਂ ਨੂੰ ਵਿੱਦਿਅਕ ਖੇਤਰ ਦੇ ਨਾਲ ਨਾਲ ਖੇਡਾਂ ਤੇ ਹੋਰ ਅਗਾਂਹ ਸਰਗਰਮੀਆਂ ਵਿੱਚ ਨਿਪੁੰਨ ਬਣਾਉਣਾ ਹੈ।ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਸਿੰਗਲਾ ਦੀ ਨਿਯੁਕਤੀ ਲਈ ਹਾਈ ਕਮਾਂਡ ਦਾ ਧੰਨਵਾਦ

ਚੀਮਾ ਮੰਡੀ (ਰਵਿੰਦਰ ਚੀਮਾ)

ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਨੂੰ ਪਾਰਟੀ ਹਾਈ ਕਮਾਂਡ ਵੱਲੋਂ ਆਲ ਇੰਡੀਆ ਕਾਂਗਰਸ ਕਮੇਟੀ ਦਾ ਸੰਯੁਕਤ ਸਕੱਤਰ ਨਿਯੁਕਤ ਕੀਤੇ ਜਾਣ 'ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਹੈ। ਇਸ ਮੌਕੇ ਚੀਮਾ ਮੰਡੀ ਤੋਂ ਕਾਂਗਰਸ ਦੇ ਬਲਾਕ ਪ੍ਰਧਾਨ ਡਿੰਪਲ ਕੁਮਾਰ ਦਿੜ੍ਹਬੇ ਵਾਲੇ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਾਬਕਾ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਨੂੰ ਇਸ ਨਿਯੁਕਤੀ 'ਤੇ ਵਧਾਈ ਵੀ ਦਿੱਤੀ ਹੈ ਤੇ ਨਾਲ ਦੀ ਨਾਲ ਹਾਈ ਕਮਾਂਡ ਦਾ ਧੰਨਵਾਦ ਵੀ ਕੀਤਾ ਹੈ, ਜਿਨਾਂ ਨੇ ਬਹੁਤ ਹੀ ਸਿਆਣੇ ਤੇ ਸੂਝਵਾਨ ਨੇਤਾ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਮੈਨੂੰ ਆਸ ਹੈ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਜਸਪਾਲ ਸਿੰਘ ਵਿਰਕ, ਸੋਨੀ ਚੀਮਾ, ਲਖਵਿੰਦਰ ਧੀਮਾਨ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

ਸਰਕਾਰ ਤੇ ਪ੍ਰਸ਼ਾਸਨ ਵੱਲੋਂ ਮੇਲਾ ਮਾਘੀ ਸੰਬੰਧੀ ਪ੍ਰਬੰਧਾਂ 'ਤੇ ਖਾਸ ਧਿਆਨ ਦਿੱਤਾ ਜਾਵੇ : ਐੱਨ ਸੀ ਏ ਗਰੁੱਪ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 40 ਮੁਕਤਿਆਂ ਦੀ ਯਾਦ ਵਿੱਚ ਮੇਲਾ ਮਾਘੀ 13-14-15 ਜਨਵਰੀ ਨੂੰ ਲੱਗ ਰਿਹਾ ਹੈ ਅਤੇ 40 ਮੁਕਤਿਆਂ ਦੀ ਯਾਦ ਨੂੰ ਇਹ ਸਿੱਖ ਇਤਿਹਾਸ ਨੂੰ ਸਿਜਦਾ ਕਰਨ ਤੇ ਸ਼ਰਧਾ ਭੇਟ ਕਰਨ ਹਿੱਤ ਲਗਭਗ 5 ਲੱਖ ਸ਼ਰਧਾਲੂ ਹਰ ਸਾਲ ਇਥੇ ਆਉਂਦੇ ਹਨ।ਸ਼ਹਿਰ ਨੂੰ ਇਸ ਮਹਾਨ ਜੋੜ ਮੇਲੇ ਸਮੇਂ ਹਰ ਪੱਖ ਤੋਂ ਤਿਆਰ ਕਰਨ ਲਈ ਪੰਜਾਬ ਸਰਕਾਰ ਨੂੰ ਲੋੜੀਂਦਾ ਬਜਟ ਹਰ ਵਿਭਾਗ ਨੂੰ ਜਾਰੀ ਕਰਨਾ ਚਾਹੀਦਾ ਹੈ ਤੇ ਹਰ ਵਿਭਾਗ ਨੂੰ ਲੋੜੀਂਦੀਆਂ ਸਹੂਲਤਾਂ ਦੇਣ ਲਈ ਤੁਰੰਤ ਧਿਆਨ ਦੇਣ ਦੀ ਲੋੜ ਹੈ, ਜਿਵੇਂ ਕਿ ਸਭ ਤੋਂ ਪਹਿਲਾਂ ਟ੍ਰੈਫਿਕ ਦੀ ਸਮੱਸਿਆ ਹਰ ਸਾਲ ਆਉਂਦੀ ਹੈ, ਇਸ ਲਈ 5 ਜਨਵਰੀ ਤੋਂ ਟ੍ਰੈਫਿਕ ਨੂੰ ਵਨ-ਵੇ ਕਰਨਾ ਚਾਹੀਦਾ ਹੈ, ਰੇਲਵੇ ਰੋਡ, ਬੈਂਕ ਰੋਡ, ਅਬੋਹਰ ਰੋਡ, ਬਠਿੰਡਾ ਰੋਡ ਤੋਂ ਮਲੋਟ ਰੋਡ ਲਿੰਕ ਤੇ ਕੋਟਕਪੂਰਾ ਰੋਡ 'ਤੇ ਲਗਦੇ ਟ੍ਰੈਫਿਕ ਦੇ ਜਾਮ ਦੀ ਮੁੱਖ ਸਮੱਸਿਆ ਹੈ, ਆਰਜ਼ੀ ਪਾਰਕਿੰਗ ਵੀ ਸ਼ਹਿਰ ਦੇ ਨੇੜੇ, ਦਾਣਾ ਮੰਡੀ, ਪੁਲ ਹੇਠਾਂ ਦੋਵਾਂ ਪਾਸੇ, ਪੁਰਾਣੀ ਦਾਣਾ ਮੰਡੀ, ਡੀ.ਏ.ਵੀ. ਸਕੂਲ ਨੇੜੇ, ਪੁਰਾਣੀ ਜੇਲ੍ਹ, ਖਾਲਸਾ ਸਕੂਲ ਨੇੜੇ, ਕੈਨਾਲ ਕਲੌਨੀ ਆਦਿ

ਥਾਵਾਂ 'ਤੇ ਮਰਾਕ ਕੀਤੇ ਜਾਣ ਤਾਂ ਜੋ ਟ੍ਰੈਫਿਕ ਦੀ ਕਾਫੀ ਸਮੱਸਿਆ ਹੱਲ ਹੋ ਸਕੇ।ਬੂੜਾ ਗੁਜਰ ਰੋਡ (ਮੰਡੀ ਬੋਰਡ) ਤੇ ਅਬੋਹਰ ਰੋਡ ਦੀ ਮੁਰੰਮਤ ਹੋਣੀ ਚਾਹੀਦੀ ਹੈ। ਸ਼ਹਿਰ ਦੇ ਮੁੱਖ ਬਜ਼ਾਰ (ਰਾਮ ਬਾੜਾ ਬਜ਼ਾਰ) ਵਿੱਚ ਸੀਵਰੇਜ ਦਾ ਪਾਣੀ ਖੜਦਾ ਹੈ।ਇਸ ਬਜ਼ਾਰ ਤੋਂ ਲੰਘ ਕੇ ਹੀ ਰੇਲਵੇ ਸਟੇਸ਼ਨ ਤੋਂ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਜਾਂਦੇ ਹਨ, ਇਸ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ।ਇਸ ਪ੍ਰਕਾਰ ਹੀ ਨਾਕਾ ਨੰਬਰ: 2 ਤੋਂ ਬਹੁਤ ਨਜਾਇਜ਼ ਕਬਜ਼ੇ ਹੋਣ ਕਰਕੇ ਸੜਕਾਂ ਬੰਦ ਹੋ ਜਾਂਦੀਆਂ ਹਨ ਤੇ ਆਵਾਜਾਈ ਦੀ ਵੱਡੀ ਦਿੱਕਤ ਹੈ।ਹਰ ਸਾਲ ਬਾਹਰ ਤੋਂ ਆਏ ਦੁਕਾਨਦਾਰ ਨੈਸ਼ਨਲ ਹਾਈਵੇ ਮਲੋਟ ਰੋਡ 'ਤੇ ਖੰਡੇ ਵਾਲੇ ਚੌਕ ਤੋਂ ਬੱਸ ਸਟੈਂਡ ਤੱਕ ਦੁਕਾਨਾਂ ਦੇ ਬਾਹਰ ਸਾਮਾਨ ਰੱਖ ਕੇ ਸੜਕ ਬੰਦ ਕਰ ਦਿੰਦੇ ਹਨ।ਇਸ ਤੋਂ ਇਲਾਵਾ ਸ਼ਹਿਰ ਦੇ ਸਾਰੇ ਵੱਡੇ ਸਕੂਲ, ਗੁਰਦੁਆਰਾ ਸਾਹਿਬ ਦੇ ਗੇਟ ਨੰ:3,4,5 ਅਤੇ ਸਰਾਂ ਤੇ ਲੰਗਰ ਹਾਲ ਇਸ ਸੜਕ 'ਤੇ ਹਨ।ਸੜਕ 'ਤੇ ਨਜਾਇਜ਼ ਕਬਜ਼ੇ ਹੋਣ ਨਾਲ ਸ਼ਰਧਾਲੂਆਂ ਨੂੰ ਮੁਸ਼ਕਲਾਂ ਆਉਂਦੀਆਂ ਹਨ ਤੇ ਵਿਦਿਆਰਥੀ ਵੀ ਪ੍ਰੇਸ਼ਾਨ ਹੁੰਦੇ ਹਨ।ਇਸ ਤੋਂ ਇਲਾਵਾ ਐੱਸ.ਬੀ.ਆਈ. ਬੈਂਕ ਦੀ ਪਾਰਕਿੰਗ ਵੀ ਨਜਾਇਜ਼ ਕਬਜ਼ਿਆਂ ਵਿੱਚ ਆ ਜਾਂਦੀ ਹੈ ਤੇ ਬੈਂਕ ਦੇ ਗਾਹਕ ਵੀ ਭੀੜ ਵਿੱਚ ਫਸ ਜਾਂਦੇ ਹਨ, ਇਸ ਲਈ ਮਲੋਟ ਰੋਡ ਨੂੰ ਚੱਲਣ ਯੋਗ ਤੇ ਸੁਰੱਖਿਅਤ ਕਰਨ ਦੀ ਲੋੜ ਹੈ।ਸਾਰੇ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਸਫਾਈ ਮੁਹਿਮ ਚਲਾ ਕੇ ਸ੍ਰੀ ਦਰਬਾਰ ਸਾਹਿਬ ਦੇ ਸਾਰੇ ਨਾਕਿਆਂ ਦੇ ਰਸਤਿਆਂ ਦੀ ਸਫਾਈ ਦੇ ਖਾਸ ਪ੍ਰਬੰਧਾਂ ਦੀ ਲੋੜ ਹੈ।

ਨੈਸ਼ਨਲ ਕੰਜ਼ਿਊਮਰ ਅਵੇਅਰਨੈੱਸ ਗਰੁੱਪ (ਐੱਨ ਸੀ ਏ ਜੀ) ਦੇ ਪ੍ਰਧਾਨ ਸ਼ਾਮ ਲਾਲ ਗੋਇਲ, ਜਨਰਲ ਸਕੱਤਰ ਗੋਬਿੰਦ ਸਿੰਘ ਦਾਬੜਾ, ਸੰਗਠਨ ਸਕੱਤਰ ਜਸਵੰਤ

page-6-30-Dec.-2023-(SM).qxd 12/29/2023 10:00 PM Page 1

ਪੰਜਾਬ ਦੀ ਸਿੱਖਿਆ ਨੀਤੀ ਘੜਨ ਦੀ ਥਾਂ ਕੌਮੀ ਸਿੱਖਿਆ ਨੀਤੀ-2020 ਵੱਲ ਕਦਮ ਪੁੱਟਣ ਦਾ ਸਖ਼ਤ ਵਿਰੋਧ

ਗੜਸ਼ੰਕਰ (ਫੂਲਾ ਸਿੰਘ ਬੀਰਮਪੁਰ): ਪੰਜਾਬ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਕੌਂਸਲ (ਐਸ.ਸੀ.ਈ.ਆਰ.ਟੀ.) ਵੱਲੋਂ ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਸੂਬੇ ਵਿੱਚ ਲਾਗੂ ਕਰਨ ਲਈ "ਐਨ.ਈ.ਪੀ. 2020: ਭਾਰਤ ਵਿੱਚ ਸਕੂਲ ਸਿੱਖਿਆ ਨੂੰ ਬਦਲਣਾ ਅਤੇ ਸੁਧਾਰ ਕਰਨਾ" ਸਿਰਲੇਖ ਵਾਲੀ ਇੱਕ ਸੰਪਾਦਿਤ ਕਿਤਾਬ ਲਈ ਸਿੱਖਿਆ ਖੇਤਰ ਦੇ ਵੱਖ-ਵੱਖ ਵਿਦਵਾਨਾਂ, ਖੋਜਕਰਤਾਵਾਂ ਅਤੇ ਅਧਿਆਪਕਾਂ ਤੋਂ ਉਨ੍ਹਾਂ ਦੇ ਵਿਚਾਰਾਂ ਦੀ ਲਿਖਤ ਦੇ ਰੂਪ ਵਿੱਚ ਮੰਗ ਕਰਦਾ ਇੱਕ ਪੱਤਰ ਜਾਰੀ ਕੀਤਾ ਗਿਆ ਹੈ। ਦੂਜੇ ਪਾਸੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੀ ਹਾਲ ਹੀ ਦਿਨਾਂ ਵਿੱਚ ਅਜ਼ੀਮ ਪ੍ਰੇਮਜੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਰਾਸ਼ਟਰੀ ਸਿੱਖਿਆ ਨੀਤੀ-2020 ਤਹਿਤ ਛੇਵੀਂ ਤੋਂ ਅੱਠਵੀਂ ਜਮਾਤਾਂ ਦੀਆਂ ਪੁਸਤਕਾਂ ਨੂੰ ਤਬਦੀਲ ਕਰਨ ਸੰਬੰਧੀ ਮੋਹਾਲੀ ਵਿਖੇ ਪੰਜ ਰੋਜ਼ਾ ਵਰਕਸ਼ਾਪ ਲਗਾਈ ਗਈ ਹੈ। ਅਧਿਆਪਕ ਜਥੇਬੰਦੀ ਡੈਮੋਕਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਅਤੇ ਜ਼ਿਲ੍ਹਾ ਸਕੱਤਰ ਇੰਦਰਸੁਖਦੀਪ ਸਿੰਘ ਓਡਰਾ ਨੇ ਪੰਜਾਬ ਦੀਆਂ ਸੱਭਿਆਚਾਰਕ, ਸਮਾਜਿਕ ਅਤੇ ਭਾਸ਼ਾਈ ਹਾਲਤਾਂ ਅਨੁਸਾਰ ਵਿਗਿਆਨਕ ਲੀਹਾਂ 'ਤੇ ਆਪਣੀ ਸਿੱਖਿਆ ਨੀਤੀ ਘੜਨ ਦੀ ਥਾਂ 'ਆਪ' ਸਰਕਾਰ ਵੱਲੋਂ ਨਿੱਜੀਕਰਨ, ਕੇਂਦਰੀਕਰਨ ਅਤੇ ਭਗਵਾਂਕਰਨ ਪੱਖੀ ਕੌਮੀ ਸਿੱਖਿਆ ਨੀਤੀ ਨੂੰ ਪੰਜਾਬ ਵਿੱਚ ਲਾਗੂ ਕਰਨ ਵੱਲ ਕਦਮ ਅੱਗੇ ਵਧਾਉਣ ਦੀ ਸਖ਼ਤ ਨਿਖੇਧੀ ਕੀਤੀ ਹੈ। ਆਗੂਆਂ ਨੇ ਕਿਹਾ ਕਿ ਜਥੇਬੰਦੀ ਨਾਲ ਇਸੇ ਵਰ੍ਹੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 4 ਮਈ ਨੂੰ ਫਗਵਾੜਾ ਵਿਖੇ ਮੀਟਿੰਗ ਦੌਰਾਨ ਮੋਦੀ ਸਰਕਾਰ ਦੀ ਸਿੱਖਿਆ ਨੀਤੀ ਨੂੰ ਨਾ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪ੍ਰੰਤੂ ਹੁਣ ਇਸ ਦੇ ਉਲਟ ਦਿਸ਼ਾ ਵੱਲ ਕਦਮ ਪੁੱਟੇ ਜਾ ਰਹੇ ਹਨ, ਜਿਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਐਸ.ਸੀ.ਈ.ਆਰ.ਟੀ. ਵੱਲੋਂ ਤਿਆਰ ਕੀਤੇ ਜਾ ਰਹੇ ਕਿਤਾਬਚੇ ਦਾ ਮੁੱਖ ਵਿਸ਼ਾ ਅਤੇ ਉਪ ਵਿਸ਼ੇ ਰਾਸ਼ਟਰੀ ਸਿੱਖਿਆ ਨੀਤੀ-2020 ਦਾ ਪੂਰੀ ਤਰ੍ਹਾਂ ਪੱਖ ਪੂਰਨ ਵਾਲੇ ਹਨ, ਜਿਨ੍ਹਾਂ ਤੋਂ ਪੰਜਾਬ ਸਰਕਾਰ ਦੇ ਇਸੇ ਸਿੱਖਿਆ ਨੀਤੀ ਨੂੰ ਪੰਜਾਬ ਦੇ ਲੋਕਾਂ 'ਤੇ ਜਬਰੀ ਥੋਪਣ ਵੱਲ ਅੱਗੇ ਵਧਣ ਦਾ ਸੰਕੇਤ ਸਪੱਸ਼ਟ ਨਜ਼ਰੀਂ ਪੈ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 18 ਤੋਂ 22 ਦਸੰਬਰ ਦਰਮਿਆਨ ਕਰਵਾਏ ਇੱਕ ਸੂਬਾਈ ਸੈਮੀਨਾਰ ਰਾਹੀਂ ਕੇਂਦਰੀ ਸਿੱਖਿਆ ਨੀਤੀ ਅਨੁਸਾਰ ਪੁਸਤਕਾਂ ਤਬਦੀਲ ਕਰਨ ਦਾ ਕਾਰਜ ਅੱਗੇ ਵਧਾਉਣਾ ਵੀ ਕੇਂਦਰ ਸਰਕਾਰ ਵੱਲੋਂ ਐੱਨ.ਸੀ.ਈ.ਆਰ.ਟੀ. (ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਕੌਂਸਲ) ਰਾਹੀਂ ਕੀਤੀਆਂ ਜਾ ਰਹੀਆਂ ਤਰਕ ਵਿਰੋਧੀ ਅਤੇ ਵਿਵੇਕ ਵਿਰੋਧੀ ਸਿਲੇਬਸ ਤਬਦੀਲੀਆਂ ਦੇ ਰਾਹ ਦਾ ਪਿਛਲੱਗ ਬਣਨ ਵਾਲਾ ਮੰਦਭਾਗਾ ਫੈਸਲਾ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਨੇ ਪੰਜਾਬ ਸਰਕਾਰ ਨੂੰ ਕੇਂਦਰ ਦੀ ਸਿੱਖਿਆ ਨੀਤੀ-2020 ਨੂੰ ਲਾਗੂ ਕਰਨ ਤੋਂ ਬਾਝ ਆਉਣ ਦੀ ਨਸੀਹਤ ਦਿੰਦਿਆਂ, ਇਸ ਮਾਮਲੇ 'ਤੇ ਪੰਜਾਬ ਦੇ ਸਮੂਹ ਜਮਹੂਰੀ ਹਿੱਸਿਆਂ ਨੂੰ ਇਕਜੁਟ ਹੋਣ ਅਤੇ ਸਿੱਖਿਆ ਨੂੰ ਸਮਵਰਤੀ ਸੂਚੀ ਦੀ ਥਾਂ ਰਾਜ ਸੂਚੀ ਦਾ ਹਿੱਸਾ ਬਣਾਉਣ ਅਤੇ ਨਵੀਂ ਸਿੱਖਿਆ ਨੂੰ ਵਿਧਾਨ ਸਭਾ ਵਿੱਚ ਰੱਦ ਕਰਨ ਦਾ ਮਤਾ ਲਿਆ ਕੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਨ ਦੀ ਮੰਗ ਲਈ ਸੰਘਰਸ਼ ਅੱਗੇ ਵਧਾਉਣ ਦਾ ਸੱਦਾ ਦਿੱਤਾ ਹੈ।

ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਵੱਲੋਂ ਪੈਨਸ਼ਨ ਵੰਡ ਸਮਾਗਮ

ਫਗਵਾੜਾ (ਡਾ. ਰਮਨ)- ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਵਲੋਂ ਕਲੱਬ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਦੀ ਅਗਵਾਈ ਹੇਠ ਲੋੜਵੰਦ ਔਰਤਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਨਾਲ-ਨਾਲ ਆਟੇ ਦੀਆਂ ਥੈਲੀਆਂ ਭੇਟ ਕਰਨ ਦਾ ਪੰਜਵਾਂ ਸਮਾਗਮ ਹਰ ਵਾਰ ਦੀ ਤਰ੍ਹਾਂ ਚਿਰਾਗ ਐਸੋਸੀਏਟਸ ਸੁਭਾਸ਼ ਨਗਰ ਵਿਖੇ ਆਯੋਜਿਤ ਕੀਤਾ ਗਿਆ। ਇਸ ਦੌਰਾਨ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਮਨੋਰੰਜਨ) ਲਾਇਨ ਜਸਬੀਰ ਮਾਹੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਲੋੜਵੰਦ ਔਰਤਾਂ ਨੂੰ ਪੈਨਸ਼ਨ ਅਤੇ ਆਟੇ ਦੀਆਂ ਥੈਲੀਆਂ ਵੰਡ ਕੇ ਕਲੱਬ ਦੇ ਇਸ ਪ੍ਰੋਜੈਕਟ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਲਾਇਨ ਆਸ਼ੂ ਮਾਰਕੰਡਾ ਅਤੇ ਉਨ੍ਹਾਂ ਦੀ ਟੀਮ ਸਮਾਜ ਸੇਵਾ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਪਾ ਰਹੀ ਹੈ, ਜੋ ਕਿ ਹੋਰਨਾਂ ਲਈ ਵੀ ਪ੍ਰੇਰਨਾਦਾਇਕ ਹੈ। ਕਲੱਬ ਦੇ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਨੇ ਇਸ ਪ੍ਰੋਜੈਕਟ ਵਿੱਚ ਸਹਿਯੋਗ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਵਿਪਨ ਠਾਕੁਰ ਸਨ। ਪ੍ਰੋਗਰਾਮ ਦੌਰਾਨ ਕਲੱਬ ਦੇ ਸਕੱਤਰ ਲਾਇਨ ਸੰਜੀਵ ਲਾਂਬਾ ਨੇ ਪਤਵੰਤਿਆਂ ਨੂੰ ਕਲੱਬ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਕਲੱਬ ਦੇ ਵਿੱਤ ਸਕੱਤਰ ਸ਼ੇਰ ਜੁਗਲ ਬਵੇਜਾ, ਪੀ.ਆਰ.ਓ. ਲਾਇਨ ਸੁਮਿਤ ਭੰਡਾਰੀ, ਜ਼ੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ, ਲਾਇਨ ਐਡਵੋਕੇਟ ਐੱਸ.ਕੇ. ਅਗਰਵਾਲ, ਪਵਨ ਚਾਵਲਾ ਆਦਿ ਹਾਜ਼ਰ ਸਨ।

ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਪੰਜਾਬ ਦੇ ਅਹੁਦੇਦਾਰਾਂ ਦੀ ਮੀਟਿੰਗ

ਕਾਲਾ ਸੰਘਿਆਂ (ਮਨਜੀਤ ਮਾਨ)- ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਨਿਲ ਕੁਮਾਰ ਨਾਹਰ ਦੀ ਪ੍ਰਧਾਨਗੀ ਹੇਠ ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ ਗੁਰਪ੍ਰੀਤ ਸਿੰਘ ਨਾਲ ਮੰਡਲ ਦਫਤਰ ਕਪੂਰਥਲਾ ਵਿੱਚ ਹੋਈ। ਇਸ ਮੀਟਿੰਗ ਵਿੱਚ ਯੂਨੀਅਨ ਦੇ ਪੰਜਾਬ ਸਕੱਤਰ ਜਨਰਲ ਸੰਜੀਵ ਕੌਂਡਲ ਪਹੁੰਚੇ। ਇਸ ਮੀਟਿੰਗ ਵਿੱਚ ਕਾਰਜਕਾਰੀ ਇੰਜੀਨੀਅਰ ਵਲੋਂ ਸਾਰੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ। ਯੂਨੀਅਨ ਦੀਆਂ ਮੰਗਾਂ ਵਿੱਚ ਇੰਨਲਿਸਟਮੈਂਟ 'ਤੇ ਕੰਮ ਕਰਦੇ ਵਰਕਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਵਾਰਿਸਾਂ ਨੂੰ ਨੌਕਰੀ ਦਾ ਕੇਸ ਸਰਕਾਰ ਨੂੰ ਭੇਜ ਕੇ ਨੌਕਰੀ ਦੇਣ ਦਾ ਵਾਅਦਾ ਕੀਤਾ ਅਤੇ ਵਾਟਰ ਸਪਲਾਈ ਸਕੀਮਾਂ ਦੀ ਰਿਪੇਅਰ ਲਈ ਵੀ ਰਿਪੇਅਰ ਦਾ ਸਮਾਨ ਦੇਣ ਲਈ ਵੀ ਸਬੰਧਤ ਉਪ ਮੰਡਲ ਇੰਜੀਨੀਅਰ ਨੂੰ ਹਦਾਇਤ ਕਰਨ ਲਈ ਵੀ ਪੱਤਰ ਜਾਰੀ ਕਰ ਦਿੱਤੇ ਗਏ ਹਨ। ਰੈਵਿਨਿਊ ਕੁਲੈਕਟਰ ਦੇ ਇਨਸੈਂਟਿਵ ਬਿੱਲ ਵੀ ਖਜ਼ਾਨਾ ਦਫਤਰ ਭੇਜ ਦਿੱਤੇ ਗਏ ਹਨ। ਮੀਟਿੰਗ 'ਚ ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਯੂਨੀਅਨ ਦੀਆਂ ਜਾਇਜ਼ ਮੰਗਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੀਆਂ ਜਾਣਗੀਆਂ ਜਿਸ 'ਤੇ ਯੂਨੀਅਨ ਦੇ ਸਕੱਤਰ ਜਨਰਲ ਸੰਜੀਵ ਕੌਂਡਲ ਨੇ ਵੀ ਸਹਿਮਤੀ ਜਤਾਈ। ਇਸ ਮੀਟਿੰਗ ਵਿੱਚ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਹਰਦੀਪ ਸਿੰਘ, ਪ੍ਰੇਮ ਸਿੰਘ, ਬਲਦੇਵ ਸਿੰਘ, ਦਿਆ ਸਿੰਘ ਆਦਿ ਮੈਂਬਰ ਸ਼ਾਮਲ ਹੋਏ।

ਪਿੰਡ ਬੱਡੋਂ 'ਚ ਖੂਨਦਾਨ ਕੈਂਪ 1 ਜਨਵਰੀ ਨੂੰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਬੱਡੋਂ ਵਿਖੇ ਨਿਰਮਲ ਕੁਟੀਆ ਸੰਤ ਬਾਬਾ ਮਈਆ ਦਾਸ ਜੀ, ਨੌਜਵਾਨ ਸਭਾ ਬੱਡੋਂ, ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਸਾਲਾਨਾ 13 ਵਾਂ ਵਿਸ਼ਾਲ ਖੂਨਦਾਨ ਕੈਂਪ 1 ਜਨਵਰੀ ਨੂੰ ਲਗਾਇਆ ਜਾ ਰਿਹਾ ਹੈ। ਇਸ ਮੌਕੇ ਮੁੱਖ ਪ੍ਰਬੰਧਕ ਸਰਬਪ੍ਰੀਤ ਸਿੰਘ ਸੋਨੂੰ ਨੇ ਦੱਸਿਆ ਕਿ 1 ਜਨਵਰੀ ਨੂੰ ਖੂਨਦਾਨ ਕੈਂਪ ਦਾ ਉਦਘਾਟਨ ਸੰਤ ਬਾਬਾ ਗੁਰਚਰਨ ਸਿੰਘ ਬੱਡੋਂ ਅਰਦਾਸ ਕਰਨ ਉਪਰੰਤ ਰੀਬਨ ਕੱਟ ਕੇ ਕਰਨਗੇ। ਖੂਨਦਾਨ ਕੈਂਪ ਦੌਰਾਨ ਸਿਵਲ ਹਸਪਤਾਲ ਹੁਸ਼ਿਆਰਪੁਰ ਤੋਂ ਡਾਕਟਰ ਪੁੱਜ ਰਹੇ ਹਨ।

ਲੜਕੀ ਨੂੰ ਵਰਗਲਾ ਕੇ ਲਿਜਾਣ ਵਾਲਾ ਗ੍ਰਿਫ਼ਤਾਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਥਾਣਾ ਮੇਹਟੀਆਣਾ ਦੀ ਪੁਲਸ ਨੇ ਲੜਕੀ ਨੂੰ ਵਰਗਲਾ ਕੇ ਲਿਜਾਣ ਵਾਲਾ 24 ਘੰਟਿਆਂ 'ਚ ਗ੍ਰਿਫ਼ਤਾਰ ਕਰ ਲਿਆ। ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵਲੋਂ ਮੁਕੱਦਮੇ ਵਿਚ ਦੋਸ਼ੀ ਅਮ੍ਰਿਤਪਾਲ ਪੁੱਤਰ ਪ੍ਰਵੇਸ਼ ਕੁਮਾਰ ਵਾਸੀ ਸਾਹਰੀ ਥਾਣਾ ਮੇਹਟੀਆਣਾ ਨੇ ਸੁਨੀਤਾ ਪਤਨੀ ਜਗਤ ਰਾਮ ਵਾਸੀ ਸਾਹਰੀ ਥਾਣਾ ਮੇਹਟੀਆਣਾ ਦੀ ਲੜਕੀ ਦਿਲਪ੍ਰੀਤ ਕੌਰ ਜੋ ਦਸਵੀਂ ਕਲਾਸ ਵਿਚ ਪੜ੍ਹਦੀ ਹੈ ਜੋ 26 ਦਸੰਬਰ ਸ਼ਾਮ 4-30 ਵਜੇ ਟਿਊਸ਼ਨ ਪੜ੍ਹਨ ਜਾਣ ਲਈ ਘਰੋਂ ਨਿਕਲੀ ਤੇ ਘਰ ਦੇ ਬਾਹਰ ਅਮ੍ਰਿਤਪਾਲ ਆਪਣੇ ਮੋਟਰਸਾਈਕਲ 'ਤੇ ਬਿਠਾ ਕੇ ਵਿਆਹ ਕਰਾਉਣ ਦੀ ਨੀਅਤ ਨਾਲ ਵਰਗਲਾ ਕੇ ਲੈ ਗਿਆ । ਦੌਰਾਨੇ ਤਫਤੀਸ਼ ਮੁਕੱਦਮਾ ਵਿਚ ਪੁਲਸ ਪਾਰਟੀ ਵਲੋਂ ਦੋਸ਼ੀ ਨੂੰ ਮਿਤੀ 28 ਦਸੰਬਰ ਨੂੰ ਗ੍ਰਿਫ਼ਤਾਰ ਕਰਕੇ ਪੀੜਤ ਲੜਕੀ ਦਿਲਪ੍ਰੀਤ ਕੌਰ ਨੂੰ ਪੁਲਸ ਪਾਰਟੀ ਵਲੋਂ 24 ਘੰਟੇ ਵਿਚ ਟਰੇਸ ਕਰਕੇ ਵਾਰਸਾਂ ਦੇ ਹਵਾਲੇ ਕੀਤਾ ਗਿਆ । ਦੋਸ਼ੀ ਪਾਸੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ ।

ਸਫਰ ਏ-ਸ਼ਹਾਦਤ ਚੇਤਨਾ ਮਾਰਚ ਕੱਢਦੇ ਹੋਏ ਕੀਤਾ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ

ਅੱਡਾ ਸਰਾਂ (ਕਾਜਲ)- ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਅਨੇਕਾਂ ਸਿੰਘ ਸਿੰਘਣੀਆਂ ਦੀ ਸ਼ਹਾਦਤ ਨੂੰ ਸਮਰਪਤ ਸਫਰ ਏ-ਸ਼ਹਾਦਤ ਚੇਤਨਾ ਮਾਰਚ ਗੁਰਦੁਆਰਾ ਸੰਤ ਬਾਬਾ ਬਿਸ਼ਨ ਸਿੰਘ ਜੀ ਪਿੰਡ ਕੰਧਾਲਾ ਜੱਟਾਂ ਤੋਂ ਕੱਢਿਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਨੇ ਹਾਜ਼ਰੀ ਲੁਆਈ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਚੇਤਨਾ ਮਾਰਚ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਛੋਟੇ ਬੱਚੇ ਸਿੱਖੀ ਸਰੂਪ ਵਿਚ ਸਿਰ 'ਤੇ ਦਸਤਾਰਾਂ ਸਜਾ ਕੇ ਆਏ ਹੋਏ ਸਨ। ਇਹ ਚੇਤਨਾ ਮਾਰਚ ਪਿੰਡ ਦੇ ਹਰੇਕ ਹਿੱਸੇ ਵਿਚ ਗਿਆ। ਇਸ ਦੌਰਾਨ ਸੰਗਤਾਂ ਵੱਲੋਂ ਵੱਖ-ਵੱਖ ਪੜਾਵਾਂ ਵਿਚ ਲੰਗਰ ਲਗਾਏ ਗਏ। ਇਸ ਚੇਤਨਾ ਮਾਰਚ ਵਿਚ ਗੁਰਦੁਆਰਾ ਸਿੰਘ ਸਭਾ ਗੁਰਦੁਆਰਾ ਚੜ੍ਹਦੀ ਪੱਤੀ ਅਤੇ ਬਾਬਾ ਬਿਸ਼ਨ ਸਿੰਘ ਜੀ ਪ੍ਰਬੰਧਕ ਕਮੇਟੀ ਦੇ ਮੈਂਬਰ ਦੇ ਨਾਲ ਨਾਲ ਪ੍ਰਧਾਨ ਅੰਮ੍ਰਿਤਪਾਲ ਸਿੰਘ, ਭਾਈ ਗੁਰਮੁਖ ਸਿੰਘ, ਕੈਪਟਨ ਸੁਰਿੰਦਰ ਸਿੰਘ, ਮਨਜੀਤ ਸਿੰਘ ਖਜ਼ਾਨਚੀ, ਪਲਵਿੰਦਰ ਸਿੰਘ ਬਿੱਟੀ, ਸੁਰਿੰਦਰ ਸਿੰਘ ਗੁਗਲੀ, ਇੰਦਰਜੀਤ ਸਿੰਘ ਰਾਜਾ,ਅੰਮ੍ਰਿਤਪਾਲ ਸਿੰਘ, ਅਜੀਤ ਸਿੰਘ, ਮੋਹਣ ਸਿੰਘ, ਤੇਜਪਾਲ ਸਿੰਘ ਸਿਮਰਨਜੀਤ ਸਿੰਘ, ਦਲਜੀਤ ਸਿੰਘ ਆਦਿ ਨੇ ਹਾਜ਼ਰੀ ਲੁਆਈ।

ਮਾਹਿਲਪੁਰ 'ਚ ਦੋ ਧਿਰਾਂ ਵਿਚਕਾਰ ਚੱਲੀਆਂ ਗੋਲੀਆਂ, ਸੱਤ ਜ਼ਖਮੀ

ਮਾਹਿਲਪੁਰ (ਸਫਰੀ)- ਬੀਤੀ ਰਾਤ ਕਸਬਾ ਮਾਹਿਲਪੁਰ ਵਿੱਚ ਦਾਣਾ ਮੰਡੀ ਨਜ਼ਦੀਕ ਦੋ ਧਿਰਾਂ ਵਿਚਾਲੇ ਚੱਲੀਆਂ ਗੋਲੀਆਂ ਨਾਲ ਸੱਤ ਵਿਅਕਤੀ ਜ਼ਖਮੀ ਹੋ ਗਏ । ਪ੍ਰਾਪਤ ਵੇਰਵੇ ਅਨੁਸਾਰ ਨਿੱਜੀ ਰੰਜਿਸ਼ ਨੂੰ ਲੈ ਕੇ ਦੋ ਗਰੁੱਪਾਂ ਵਿੱਚ ਹੋਈ ਫਾਇਰਿੰਗ ਅਤੇ ਮਾਰੂ ਹਥਿਆਰਾਂ ਨਾਲ ਇਕ ਦੂਜੇ 'ਤੇ ਕੀਤੇ ਹਮਲੇ ਵਿੱਚ ਸੱਤ ਵਿਅਕਤੀ ਜ਼ਖਮੀ ਹੋ ਗਏ । ਜਿਨ੍ਹਾਂ ਨੂੰ ਸਿਵਲ ਹਸਪਤਾਲ ਮਾਹਿਲਪੁਰ ਲਿਆਂਦਾ ਗਿਆ । ਹਾਲਤ ਖਰਾਬ ਦੇਖਦੇ ਹੋਏ ਸਾਰੇ ਜ਼ਖਮੀਆਂ ਨੂੰ ਹੁਸ਼ਿਆਰਪੁਰ ਰੈਫਰ ਕਰ ਦਿੱਤਾ ਗਿਆ । ਪਹਿਲਾਂ ਪਿੰਡ ਚੰਦੇਲੀ ਵਿਖੇ ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਆਪਸੀ ਝਗੜੇ ਵਿੱਚ ਇੱਕ ਲੜਕੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ, ਜਿਸ ਵਿਚ ਵਿੱਚ ਇੱਕ ਔਰਤ ਜ਼ਖਮੀ ਹੋਈ। ਇਹੀ ਝਗੜਾ ਦੇਰ ਸ਼ਾਮ ਵੱਡੀ ਲੜਾਈ ਦਾ ਰੂਪ ਧਾਰਨ ਕਰ ਗਿਆ। ਮੌਕੇ 'ਤੇ ਡੀ ਐਸ ਪੀ ਦਲਜੀਤ ਸਿੰਘ ਨੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ਉਨ੍ਹਾ ਦੱਸਿਆ ਕਿ ਦੋਹਾਂ ਧਿਰਾਂ ਦੇ ਬਿਆਨ ਲੈ ਕੇ ਮਾਮਲਾ ਦਰਜ ਕੀਤਾ ਜਾਵੇਗਾ।

ਸਾਬਕਾ ਕੌਂਸਲਰ ਸਰਬਜੀਤ ਕੌਰ ਦੇ ਉਪਰਾਲੇ ਸਦਕਾ ਐਲੀਮੈਂਟਰੀ ਸਕੂਲ ਦੀ ਇਮਾਰਤ ਦੀ ਉਸਾਰੀ

ਫਗਵਾੜਾ (ਢੱਡਾ)- ਸਾਬਕਾ ਕੌਂਸਲਰ ਸਰਬਜੀਤ ਕੌਰ ਭਗਤਪੁਰਾ ਦੇ ਉਪਰਾਲੇ ਸਦਕਾ ਮੁਹੱਲਾ ਪ੍ਰੀਤ ਨਗਰ ਵਿਚ ਸਰਕਾਰੀ ਐਲੀਮੈਂਟਰੀ ਸਕੂਲ ਦੀ ਇਮਾਰਤ ਦੀ ਉਸਾਰੀ ਬਹੁਤ ਜਲਦੀ ਹੋਣ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀਬੀ ਸਰਬਜੀਤ ਕੌਰ ਸਾਬਕਾ ਕੌਂਸਲਰ ਨੇ ਦੱਸਿਆ ਕਿ ਮੁਹੱਲਾ ਭਗਤਪੁਰਾ ਵਿਖੇ 1972 ਤੋਂ ਸਰਕਾ

30-DEC-PAGE-7.qxd 12/29/2023 9:59 PM Page 1

2 ਕੁਇੰਟਲ 4 ਕਿੱਲੋਗ੍ਰਾਮ ਪੋਸਤ ਤੇ ਟਰੱਕ ਸਮੇਤ ਮੁਲਜ਼ਮ ਗ੍ਰਿਫ਼ਤਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)

ਸਥਾਨਕ ਪੁਲਸ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਤੇ ਸ਼ਰਾਰਤੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਦੌਰਾਨ ਇੱਕ ਟਰੱਕ ਵਿੱਚੋਂ 204 ਕਿਲੋਗ੍ਰਾਮ ਪੋਸਤ ਸਮੇਤ 01 ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਖਿਲਾਫ ਇੱਕ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਦੇ ਚੱਲਦਿਆਂ ਇੰਸਪੈਕਟਰ ਗੁਰਵਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸ੍ਰੀ ਮੁਕਤਸਰ ਸਾਹਿਬ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਪਿੰਡ ਚੱਕ ਕਾਲਾ ਸਿੰਘ ਵਾਲਾ ਤੋਂ ਪਿੰਡ ਰੋੜਾਂਵਾਲਾ ਨੂੰ ਜਾਂਦੀ ਸੜਕ 'ਤੇ ਪੁਲ ਸੂਆ 'ਤੇ ਨਾਕਾਬੰਦੀ ਕੀਤੀ ਹੋਈ ਸੀ। ਇਸੇ ਦੌਰਾਨ ਪਿੰਡ ਚੱਕ ਕਾਲਾ ਸਿੰਘ ਵਾਲਾ ਸਾਈਡ ਤੋਂ ਇੱਕ ਟਰੱਕ ਨੰਬਰੀ -07-0182 ਆਇਆ, ਜਿਸ ਨੂੰ ਰੋਕਿਆ ਗਿਆ ਤਾਂ ਟਰੱਕ ਡਰਾਇਵਰ ਬਾਰੀ ਖੋਲ ਕੇ ਭੱਜਣ ਲੱਗਾ। ਪੁਲਸ ਪਾਰਟੀ ਵੱਲੋਂ ਟਰੱਕ ਡਰਾਇਵਰ ਨੂੰ ਕਾਬੂ ਕੀਤਾ ਗਿਆ ਤੇ ਟਰੱਕ ਵਿੱਚ ਨਸ਼ੀਲੀ ਵਸਤੂ ਹੋਣ ਦਾ ਸ਼ੱਕ ਪੈਣ 'ਤੇ ਸ੍ਰੀ ਸੰਜੀਵ ਗੋਇਲ ਪੀ.ਪੀ.ਐੱਸ. ਉੱਪ ਕਪਤਾਨ ਪੁਲਸ (ਐੱਨ.ਡੀ.ਪੀ.ਐੱਸ) ਸ਼੍ਰੀ ਮੁਕਤਸਰ ਸਾਹਿਬ ਦੀ ਹਾਜ਼ਰੀ ਵਿੱਚ ਉਕਤ ਟਰੱਕ ਵਿੱਚੋਂ 12 ਗੱਟੇ ਡੋਡੇ ਪੋਸਤ, ਜਿਸ ਦਾ ਕੁੱਲ ਵਜ਼ਨ 02 ਕੁਇੰਟਲ 04 ਕਿੱਲੋਗ੍ਰਾਮ ਸੀ, ਬ੍ਰਾਮਦ ਕੀਤੇ ਗਏ। ਮੁਲਜ਼ਮ ਦੀ ਪਹਿਚਾਣ ਬੁੱਧ ਰਾਜ ਪੁੱਤਰ ਜੀਵਨ ਰਾਮ ਵਾਸੀ ਰਾਜਸਥਾਨ ਵਜੋਂ ਹੋਈ। ਇਸ ਸਬੰਧੀ ਮੁਕੱਦਮਾ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦਰਜ ਕੀਤਾ ਹੈ। ਤਫਤੀਸ਼ ਦੌਰਾਨ ਮੁਲਜ਼ਮ ਦਾ ਰੀਮਾਂਡ ਹਾਸਲ ਕਰਕੇ ਉਸ ਪਾਸੋਂ ਸਖਤੀ ਨਾਲ ਪੁੱਛ-ਗਿੱਛ ਕੀਤੀ ਜਾਵੇਗੀ।

ਦੋ ਧਿਰਾਂ ਵਿਚਾਲੇ ਝਗੜੇ 'ਚ ਨੌਜਵਾਨ ਦੀ ਮੌਤ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਦੋ ਧਿਰਾਂ ਵਿਚਾਲੇ ਹੋਏ ਮਾਮੂਲੀ ਝਗੜੇ ਨੇ ਉਸ ਸਮੇਂ ਭਿਆਨਕ ਰੂਪ ਲੈ ਲਿਆ, ਜਦੋਂ ਇੱਕ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਪ੍ਰਾਪਤ ਸਮਾਚਾਰ ਅਨੁਸਾਰ ਕਿਸੇ ਪੁਰਾਣੀ ਰੰਜਿਸ਼ ਕਾਰਨ ਰਿਸ਼ਤੇਦਾਰ ਦੱਸੇ ਜਾਂਦੇ ਦੋ ਗੁਆਂਢੀਆਂ ਵਿਚਕਾਰ ਝਗੜਾ ਹੋ ਗਿਆ। ਇਕ ਧਿਰ ਨੇ ਦੂਜੇ 'ਤੇ ਕੁਹਾੜੀ ਨਾਲ ਹਮਲਾ ਕਰਕੇ ਉਸ ਦੀ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਸੌਰਵ ਸ਼ਰਮਾ ਵਜੋਂ ਹੋਈ ਹੈ।ਦੱਸਿਆ ਜਾ ਰਿਹਾ ਹੈ ਕਿ ਦੋਵਾਂ ਧਿਰਾਂ ਵਿਚਾਲੇ ਲੜਾਈ ਹੋ ਗਈ, ਇਸ ਦੌਰਾਨ ਉਸ ਨੂੰ ਬਚਾਉਣ ਲਈ ਆਏ ਮ੍ਰਿਤਕ ਸੌਰਵ ਸ਼ਰਮਾ ਦੀ ਮਾਂ ਤੇ ਚਾਚਾ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ।ਜ਼ਖਮੀਆਂ ਨੂੰ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਦੇਖਦਿਆਂ ਲੁਧਿਆਣਾ ਰੈਫਰ ਕਰ ਦਿੱਤਾ ਗਿਆ।ਇਸ ਦੌਰਾਨ ਜ਼ਖਮੀ ਸੌਰਵ ਦੀ ਲੁਧਿਆਣਾ ਲਿਜਾਂਦੇ ਸਮੇਂ ਰਸਤੇ 'ਚ ਮੌਤ ਹੋ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਇੰਚਾਰਜ ਦੀਪਿਕਾ ਰਾਣੀ ਨੇ ਦੱਸਿਆ ਕਿ ਦੋਵੇਂ ਧਿਰਾਂ ਰਿਸ਼ਤੇਦਾਰ ਹਨ।ਕਿਸੇ ਪੁਰਾਣੀ ਰੰਜਿਸ਼ ਨੂੰ ਲੈ ਕੇ ਦੋਵਾਂ ਵਿਚਾਲੇ ਝਗੜਾ ਹੋ ਗਿਆ, ਜਿਸ ਕਾਰਨ ਇਕ ਧਿਰ ਨੇ ਦੂਜੇ 'ਤੇ ਕੁਹਾੜੀ ਨਾਲ ਹਮਲਾ ਕਰ ਦਿੱਤਾ। ਪੁਲਸ ਦਾ ਕਹਿਣਾ ਹੈ ਕਿ ਸਾਰਿਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ।ਜਾਂਚ ਤੋਂ ਬਾਅਦ ਜਲਦੀ ਹੀ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।ਮੁਲਜ਼ਮਾਂ ਨੂੰ ਵੀ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਗੁਰੂ ਨਾਨਕ ਕਾਲਜ ਦਾ ਖੇਡਾਂ ਦੇ ਖੇਤਰ 'ਚ ਇੱਕ ਹੋਰ ਮਾਅਰਕਾ

ਮੁਕਤਸਰ (ਸ਼ਮਿੰਦਰਪਾਲ/ਪੂਜਾ)

ਗੁਰੂ ਨਾਨਕ ਕਲਾਜ ਨੇ ਖੇਡਾਂ ਦੇ ਖੇਤਰ 'ਚ ਇੱਕ ਹੋਰ ਇਤਿਹਾਸਕ ਮਾਅਰਕਾ ਮਾਰਿਆ, ਜਦੋਂ ਪੰਜਾਬ ਯੂਨੀਵਰਸਿਟੀ ਦੀ ਖੋ-ਖੋ ਟੀਮ ਵਿੱਚ ਕਾਲਜ ਦੀਆਂ ਛੇ ਖਿਡਾਰਨਾਂ (ਲਗਭਗ ਅੱਧੀ ਟੀਮ) ਦੀ ਚੋਣ ਹੋਈ। ਇਸ ਸਬੰਧੀ ਕਾਲਜ ਦੇ ਸਪੋਰਟਸ ਕੋਚ ਤੇ ਖੋ ਖੋ ਟੀਮ ਇੰਚਾਰਜ ਹਰਵਿੰਦਰ ਵਿਰਕ ਨੇ ਦੱਸਿਆ ਕਿ ਕਾਲਜ ਦੀਆਂ ਖਿਡਾਰਨਾਂ ਦੀ ਸ਼ਾਨਦਾਰ ਖੇਡ ਦੀ ਬਦੌਲਤ ਪੰਜਾਬ ਯੂਨੀਵਰਸਿਟੀ ਦੀ ਖੋ ਖੋ ਟੀਮ ਨੇ ਲਵਲੀ ਯੂਨੀਵਰਸਿਟੀ ਜਲੰਧਰ 'ਚ ਹੋਏ ਨਾਰਥ ਜ਼ੋਨ ਖੋ ਖੋ ਇੰਟਰਵਰਸਿਟੀ ਮੁਕਾਬਲਿਆਂ ਵਿੱਚ ਤੀਸਰੀ ਪੁਜ਼ੀਸ਼ਨ ਹਾਸਲ ਕਰਦਿਆਂ ਆਲ ਇੰਡੀਆ ਮੁਕਾਬਲਿਆਂ ਲਈ ਕੁਆਲੀਫਾਈ ਕੀਤਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਕਾਲਜ ਦੀ ਖੋ ਖੋ ਟੀਮ ਨੇ ਇਤਿਹਾਸ ਰਚਦਿਆਂ ਪਹਿਲੀ ਵਾਰ ਖੋ ਖੋ ਵਿੱਚ ਯੂਨੀਵਰਸਿਟੀ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਕਾਲਜ ਦੇ ਵਧੀਕ ਸਕੱਤਰ ਸ੍ਰ. ਮਨਜੀਤ ਸਿੰਘ ਬਰਕੰਦੀ ਤੇ ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਵੱਲੋਂ ਇਸ ਪ੍ਰਾਪਤੀ ਲਈ ਕਾਲਜ ਖੇਡ ਵਿਭਾਗ ਦੇ ਮੈਡਮ ਗਗਨਦੀਪ ਕੌਰ, ਸੁਰਿੰਦਰ ਕੌਰ ਤੇ ਵਿਸ਼ੇਸ਼ ਤੌਰ 'ਤੇ ਸਪੋਰਟਸ ਕੋਚ ਤੇ ਟੀਮ ਇੰਚਾਰਜ ਹਰਵਿੰਦਰ ਵਿਰਕ ਨੂੰ ਇਸ ਦਾ ਸਿਹਰਾ ਦਿੰਦਿਆਂ ਵਧਾਈ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਇਸ ਮੌਕੇ ਖੋ ਖੋ ਕੋਚ ਤਰਸੇਮ ਕੁਮਾਰ ਦੇ ਵੱਡਮੁੱਲੇ ਯੋਗਦਾਨ ਤੇ ਸਪੋਟ ਦੀ ਸ਼ਲਾਘਾ ਕੀਤੀ। ਇਸ ਮੌਕੇ ਕਾਲਜ ਦੀ ਵਾਈਸ ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ, ਡਾ. ਨਿਰਮਲਜਤੀ ਕੌਰ, ਡਾ. ਨੀਨਾ ਮਹਿਤਾ, ਸੁਪਰਡੈਂਟ ਬਾਬੂ ਰਾਮ ਨੇ ਵੀ ਸਮੁੱਚੀ ਖੋ ਖੋ ਟੀਮ ਤੇ ਇੰਚਾਰਜ ਹਰਵਿੰਦਰ ਵਿਰਕ ਨੂੰ ਸ਼ੁੱਭ ਇੱਛਾਵਾਂ ਭੇਟ ਕੀਤੀਆਂ।

ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ ਜਾਵੇਗਾ : ਬਿਕਰਮਜੀਤ ਖਾਲਸਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਬਿਕਰਮਜੀਤ ਸਿੰਘ ਖਾਲਸਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਸਭਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਸੇਵਾ ਕਰਨ ਦਾ ਮੌਕਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਪਾਰਟੀ ਹਾਈਕਮਾਨ ਵੱਲੋਂ ਸੌਂਪਿਆ ਗਿਆ ਹੈ, ਜਿਸ ਨੂੰ ਤਨਦੇਹੀ ਨਾਲ ਨਿਭਾਇਆ ਜਾਵੇਗਾ ਮੈਂ ਅਤੇ ਸਾਡਾ ਪਰਿਵਾਰ ਭਾਗਾ ਵਾਲਾ ਹੈ, ਜਿਸ ਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਉਨ੍ਹਾ ਦੱਸਿਆ ਕਿ ਉਹ ਵਿਧਾਨ ਸਭਾ ਹਲਕਾ ਖੰਨਾ ਤੋਂ ਵਿਧਾਇਕ ਤੇ ਹਲਕਾ ਪਾਇਲ, ਹਲਕਾ ਰਾਏਕੋਟ ਵਿੱਚ ਪਾਰਟੀ ਵੱਲੋਂ ਬਤੌਰ ਹਲਕਾ ਇੰਚਾਰਜ ਕੰਮ ਕਰ ਚੁੱਕੇ ਹਨ, ਜਿਸ ਕਾਰਨ ਉਨ੍ਹਾਂ ਦੀਆਂ ਲੋਕ ਸਭਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਵਿੱਚ ਸਰਗਰਮੀਆਂ ਰਹੀਆਂ ਹਨ। ਉਨ੍ਹਾ ਕਿਹਾ ਕਿ ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਸਮੇਤ ਸਮੁੱਚੇ ਹਲਕੇ ਦੀ ਬਿਹਤਰੀ ਲਈ ਕੰਮ ਕਰਨਗੇ ਤੇ ਹਲਕੇ ਦੇ ਲੋਕਾਂ ਦੀ ਆਵਾਜ਼ ਨੂੰ ਲੋਕ ਸਭਾ ਵਿੱਚ ਬੁਲੰਦ ਕਰਨਗੇ, ਉਥੇ ਹੀ ਲੋਕਾਂ ਵੱਲੋਂ ਵੀ ਬਹੁਤ ਪਿਆਰ ਮਿਲ ਰਿਹਾ ਹੈ।

ਕਾਤਰਾਂ

ਹੈਰੋਇਨ ਦਾ ਸੇਵਨ ਕਰਦੇ ਰੰਗੇ ਹੱਥੀਂ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਹੈਰੋਇਨ ਦਾ ਸੇਵਨ ਕਰਦੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਚੰਦਰ ਸ਼ੇਖਰ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਵੈਰੋਕੇ ਦਾਣਾ ਮੰਡੀ ਵਿਖੇ ਪੁੱਜੇ ਤਾਂ ਦਾਣੀ ਮੰਡੀ ਵਿੱਚ ਬੈਠੇ ਦੋ ਵਿਅਕਤੀ, ਜੋ ਦੁਕਾਨ ਵਿੱਚ ਹੈਰੋਇਨ ਦਾ ਨਸ਼ਾ ਸਿਲਵਰ ਪੰਨੀ 'ਤੇ ਕਰ ਰਹੇ ਸੀ, ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗੇ, ਜਿਨ੍ਹਾਂ ਨੂੰ ਪੁਲਸ ਨੇ ਕਾਬੂ ਕਰਕੇ ਇਕ ਸਿਲਵਰ ਪੰਨੀ, ਇਕ ਲਾਈਟਰ ਤੇ 10 ਰੁਪਏ ਦਾ ਨੋਟ ਬਰਾਮਦ ਕੀਤਾ ਹੈ। ਥਾਣਾ ਵੈਰੋਕੇ ਵਿਖੇ ਕਾਬੂ ਕੀਤੇ ਗਏ ਲਖਵੀਰ ਸਿੰਘ ਉਰਫ ਮੋਟਾ ਪੁੱਤਰ ਜੱਗਾ ਸਿੰਘ ਵਾਸੀ ਪੱਕਾ ਕਾਲੇਵਾਲਾ ਤੇ ਜਸਵੀਰ ਸਿੰਘ ਉਰਫ ਸ਼ੀਰਾ ਪੁੱਤਰ ਆਤਮਾ ਸਿੰਘ ਵਾਸੀ ਝੁੱਗੀਆਂ ਨੰਦ ਸਿੰਘ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਦੁੱਧ ਦਾ ਲੰਗਰ ਲਗਾਇਆ

ਬੁਢਲਾਡਾ (ਅਸ਼ੋਕ ਲਾਕੜਾ)-ਦਸਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹੀਦੀ ਨੂੰ ਸਮਰਪਤ ਭੀਖੀ ਰੋਡ ਦੇ ਸਮੂਹ ਦੁਕਾਨਦਾਰਾਂ ਵੱਲੋਂ ਡਾਕਟਰ ਪਵਨ ਦੇ ਹਸਪਤਾਲ ਕੋਲ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਜਸਵੀਰ ਸਿੰਘ ਵਿਰਦੀ, ਮਲਕੀਤ ਸਿੰਘ, ਸੋਨੀ ਰੱਲੀ, ਛਿੰਦਰਪਾਲ ਸਿੰਘ, ਬਬਲੂ ਵਿਰਦੀ, ਕਾਲਾ ਸਿੰਘ, ਸੰਜੀਵ ਮਹਿਤਾ, ਹੈਪੀ, ਹਰਦਿਆਲ ਸਿੰਘ, ਗੁਰਪ੍ਰੀਤ ਸਿੰਘ, ਰਾਮ ਕੁਮਾਰ ਰਾਮਾ ਆਦਿ ਨੇ ਆਉਂਦੇ ਜਾਂਦੇ ਰਾਹਗੀਰਾਂ ਨੂੰ ਦੁੱਧ ਦਾ ਲੰਗਰ ਛਕਾਇਆ।

ਸ਼ਹੀਦ ਊਧਮ ਸਿੰਘ ਯਾਦਗਾਰ ਸਭਾ ਵੱਲੋਂ ਇਨਕਲਾਬੀ ਸਮਾਗਮ ਭਲਕੇ

ਜਲਾਲਾਬਾਦ (ਜੀਤ ਕੁਮਾਰ)-ਸ਼ਹੀਦ ਊਧਮ ਸਿੰਘ ਯਾਦਗਾਰ ਸਭਾ (ਰਜਿ.) ਜਲਾਲਾਬਾਦ ਵੱਲੋਂ ਭਾਰਤੀ ਅਜ਼ਾਦੀ ਸੰਗਰਾਮ ਦੇ ਮਹਾਨ ਯੋਧੇ ਸ਼ਹੀਦ ਊਧਮ ਸਿੰਘ ਉਰਫ ਰਾਮ ਮੁਹੰਮਦ ਦੇ ਜਨਮ ਦਿਨ ਨੂੰ ਸਮਰਪਤ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ 31 ਦਸੰਬਰ 2023 ਨੂੰ ਸਵੇਰੇ 10 ਵਜੇ ਇਨਕਲਾਬੀ ਸਮਾਗਮ ਕੀਤਾ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਬਿੰਦ, ਸਰਪ੍ਰਸਤ ਫੁੱਮਣ ਸਿੰਘ ਕਾਠਗੜ੍ਹ ਤੇ ਜਨਰਲ ਸਕੱਤਰ ਤੇਜਪਾਲ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਲੋਕ ਕਲਾ ਮੰਚ ਜ਼ੀਰਾ ਤੋਂ ਮੇਘ ਰਾਜ ਰੱਲਾ ਤੇ ਉਸ ਦੇ ਸਾਥੀਆਂ ਵੱਲੋਂ ਇਨਕਲਾਬੀ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ, ਜਿਸ ਵਿੱਚ ਵੱਖ-ਵੱਖ ਸਮਾਜਿਕ ਸੰਗਠਨਾਂ ਤੇ ਮੁਲਾਜ਼ਮ ਜਥੇਬੰਦੀਆਂ ਦੇ ਆਗੂ ਪਹੁੰਚਣਗੇ। ਇਸ ਲਈ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਸਮਾਗਮ ਵਿੱਚ ਸਮੇਂ ਸਿਰ ਪਹੁੰਚਣ ਦਾ ਸੱਦਾ ਦਿੱਤਾ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ

ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਪ੍ਰੇਮ ਬਸਤੀ ਵਿਖੇ ਨਿਵਾਸੀਆਂ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਦਰਸ਼ਨ ਸਿੰਘ, ਸੋਹਣ ਲਾਲ, ਮਨਪ੍ਰੀਤ ਸਿੰਘ ਗਰੇਵਾਲ, ਜਸਵਿੰਦਰ ਸਿੰਘ ਸਟਾਲੀ ਦੀ ਦੇਖ ਰੇਖ ਹੇਠ ਹੋਏ ਇਸ ਸਮਾਗਮ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਹਰਵਿੰਦਰਪਾਲ ਕੌਰ, ਸ਼ਿੰਦਰ ਕੌਰ, ਰਣਜੀਤ ਕੌਰ, ਬੱਚੀ ਜਸਗੁਨ ਕੌਰ ਤੇ ਇਕਬਾਲ ਸਿੰਘ ਨੇ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਸਬੰਧੀ ਗੀਤਾਂ, ਕਵਿਤਾਵਾਂ ਰਾਹੀਂ ਸਿਜਦਾ ਕੀਤਾ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਐਡੀਸ਼ਨਲ ਚੀਫ ਸਕੱਤਰ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸ਼ਹੀਦੀ ਸਾਕੇ 'ਤੇ ਚਾਨਣਾ ਪਾਇਆ ਤੇ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੀਆਂ ਪ੍ਰੇਰਣਾਵਾਂ ਅਪਣਾਉਣ ਤੇ ਬੱਚਿਆਂ ਨੂੰ ਸਾਬਤ ਸੂਰਤ ਦਸਤਾਰ ਸਿਰਾਂ ਦੇ ਧਾਰਨੀ ਬਣਾਉਣ ਲਈ ਕਿਹਾ। ਭਾਈ ਪ੍ਰਗਟ ਸਿੰਘ ਨੇ ਅਰਦਾਸ ਦੀ ਸੇਵਾ ਨਿਭਾਈ। ਸਮਾਗਮ ਲਈ ਅਮਨ ਸਿਨਹਾ, ਗਗਨ ਅਰੋੜਾ, ਗੁਰਤੇਜ ਸਿੰਘ, ਬਲਜੋਤ ਸਿੰਘ, ਰਾਜ ਕੌਰ, ਗੁਰਦੀਪ ਕੌਰ, ਗੁਰਮੀਤ ਕੌਰ, ਵਿੱਦਿਆ, ਹਿਨਾ, ਮੰਜੂ, ਸਰੋਜ ਤੇ ਬੱਚਿਆਂ ਦੀਕਸ਼ਾ, ਵੰਸ਼ੀਕਾ, ਅੰਸ਼ੂ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਰਵਿੰਦਰ ਸਿੰਘ ਨੋਨੀ, ਅਵਤਾਰ ਸਿੰਘ, ਕਸ਼ਮੀਰ ਸਿੰਘ, ਮਨਮੋਹਨ ਸਿੰਘ, ਬਿੱਟੂ, ਭੋਲਾ, ਸੋਨੀ ਤੇ ਵੱਖ ਵੱਖ ਸੰਸਥਾਵਾਂ ਦੇ ਆਗੂ ਹਾਜ਼ਰ ਸਨ। ਸਮਾਪਤੀ ਉਪਰੰਤ ਗੁਰੂ ਕੇ ਲੰਗਰ ਅਤੂੱਟ ਵਰਤਾਏ ਗਏ।

ਸੰਤ ਬਾਬਾ ਫਤਿਹ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦਾ ਡੀ ਸੀ ਵੱਲੋਂ ਉਦਘਾਟਨ

ਕੋਟ ਈਸੇ ਖਾਂ (ਅਰੋੜਾ)-ਸੰਤ ਬਾਬਾ ਫਤਿਹ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਤ ਪਹਿਲਾ ਅੰਡਰ-17 ਸਾਲ ਲੜਕਿਆਂ ਦੇ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਸ੍ਰ. ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਮੋਗਾ ਵੱਲੋਂ ਸ਼ਹੀਦ ਜੈਮਲ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਲੋਟੀ ਦੀ ਗਰਾਊਂਡ ਵਿਖੇ ਰਿਬਨ ਕੱਟ ਕੇ ਕੀਤਾ ਗਿਆ। ਇਹ ਟੂਰਨਾਮੈਂਟ ਸੰਤ ਬਾਬਾ ਗੁਰਮੀਤ ਸਿੰਘ ਜੀ ਸਰਪ੍ਰਸਤ ਮੋਗਾ ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਇਸ ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦਿਆਂ ਲੈਕਚਰਾਰ ਪਲਵਿੰਦਰ ਸਿੰਘ ਜਨਰਲ ਸਕੱਤਰ ਮੋਗਾ ਜ਼ਿਲ੍ਹਾ ਫੁੱਟਬਾਲ

30-Dec-PAGE-8.qxd 12/29/2023 10:06 PM Page 1

ਪੰਜ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰ ਜਲ ਸਰੋਤ ਟੀਮ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸੱਦੇ 'ਤੇ ਇੱਥੇ ਐਸ ਵਾਈ ਐਲ ਨਹਿਰ ਦੇ ਨਿਰਮਾਣ ਲਈ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਕਰਨ ਲਈ ਚੰਡੀਗੜ੍ਹ ਪੁੱਜੀ ਕੇਂਦਰੀ ਜਲ ਸਰੋਤ ਕੇਂਦਰੀ ਮੰਤਰੀ ਜਤਿੰਦਰ ਸਿੰਘ ਸ਼ੇਖਾਵਤ ਦੀ ਅਗਵਾਈ ਵਾਲੀ ਕੇਂਦਰੀ ਟੀਮ ਦਾ ਵਿਰੋਧ ਕਰਨ ਲਈ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।ਬਲਬੀਰ ਸਿੰਘ ਰਾਜੇਵਾਲ, ਪਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਦੀ ਅਗਵਾਈ ਹੇਠ ਧਰਨਾਕਾਰੀਆਂ ਨੇ ਕੇਂਦਰੀ ਟੀਮ ਨੂੰ ਮੰਗ ਪੱਤਰ ਸੌਂਪਣ ਲਈ ਦਾਰਾ ਸਟੂਡੀਓ ਤੋਂ ਚੰਡੀਗੜ੍ਹ ਵੱਲ ਮਾਰਚ ਕੀਤਾ।ਉਹ 'ਨੋ ਵਾਟਰ ਨੋ ਐਸ ਵਾਈ ਐਲ', 'ਕੇਂਦਰੀ ਟੀਮ ਗੋ ਬੈਕ', 'ਆਲ ਪੰਜਾਬ ਐਕੋਰਡਜ਼ ਦੀ ਸਮੀਖਿਆ ਕਰੋ' ਅਤੇ 'ਚੰਡੀਗੜ੍ਹ ਪੰਜਾਬੀਆਂ ਲਈ ਵਿਦੇਸ਼ੀ ਨਹੀਂ' ਆਦਿ ਨਾਅਰੇ ਲਗਾ ਰਹੇ ਸਨ।ਇਸ ਰੋਸ ਮਾਰਚ ਨੂੰ ਪੁਲਸ ਨੇ ਮੈਕਸ ਹਸਪਤਾਲ ਵਿੱਚ ਬੈਰੀਕੇਡ ਲਾ ਕੇ ਰੋਕ ਲਿਆ। ਉਥੇ ਹੀ ਸੜਕ 'ਤੇ ਬੈਠ ਕੇ ਵਿਸ਼ਾਲ ਰੈਲੀ ਕੀਤੀ।ਇਕੱਠ ਨੂੰ ਉਪਰੋਕਤ ਪੰਜਾਂ ਜਥੇਬੰਦੀਆਂ ਦੇ ਪ੍ਰਧਾਨਾਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਜੋ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਹਾਨੇ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਲਈ ਇੱਕ ਦੂਜੇ ਨਾਲ ਮਿਲੀਭੁਗਤ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਦਖ਼ਲ ਨੂੰ ਸੱਦਾ ਦੇਣ ਲਈ ਪੁਨਰਗਠਨ ਐਕਟ, 1966 ਵਿੱਚ ਧਾਰਾ 78, 79 ਅਤੇ 80 ਬੇਈਮਾਨੀ ਨਾਲ ਪਾਈਆਂ ਗਈਆਂ ਹਨ।ਇਸ ਲਈ ਇਨ੍ਹਾਂ ਧਾਰਾਵਾਂ ਨੂੰ ਰੱਦ ਕੀਤਾ ਜਾਵੇ।ਦਰਿਆਈ ਪਾਣੀ ਸੰਬੰਧੀ ਪਿਛਲੇ ਸਾਰੇ ਸਮਝੌਤੇ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਹੋਣ ਕਰਕੇ ਸਮੀਖਿਆ ਕੀਤੀ ਜਾਵੇ।ਉਨ੍ਹਾਂ ਮੰਗ ਕੀਤੀ ਕਿ ਚੰਡੀਗੜ੍ਹ ਪੰਜਾਬ ਨੂੰ ਤਬਦੀਲ ਕੀਤਾ ਜਾਵੇ ਕਿਉਂਕਿ ਪੁਨਰਗਠਨ ਐਕਟ 'ਚ ਹਰਿਆਣਾ ਨੂੰ ਆਪਣੀ ਰਾਜਧਾਨੀ ਸਥਾਪਤ

ਕਰਨ ਲਈ ਪੰਜ ਸਾਲ ਦਾ ਸਮਾਂ ਦਿੱਤਾ ਗਿਆ ਸੀ।ਪਰ 57 ਸਾਲਾਂ ਬਾਅਦ ਵੀ ਕੇਂਦਰ ਨੇ ਚੰਡੀਗੜ੍ਹ ਦਾ ਮੁੱਦਾ ਅਣਸੁਲਝਿਆ ਰੱਖਿਆ ਹੈ।ਬੁਲਾਰਿਆਂ ਨੇ ਇਸ ਮੁੱਦੇ ਦੇ ਹੱਲ ਲਈ ਟ੍ਰਿਬਿਊਨਲ ਬਣਾਉਣ, ਐਸ ਵਾਈ ਐਲ ਦੀ ਬਜਾਏ ਵਾਈ ਐਸ ਐਲ ਦੀ ਮੰਗ ਕਰਨ ਅਤੇ ਸੁਪਰੀਮ ਕੋਰਟ ਵਿੱਚ ਪੰਜਾਬ ਦੇ ਕੇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਨਾ ਕਰਨ ਲਈ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ।ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਸੰਵਿਧਾਨ ਅਨੁਸਾਰ ਹਮਦਰਦੀ ਨਾਲ ਨਹੀਂ ਮੰਨਿਆ ਗਿਆ ਤਾਂ 18 ਜਨਵਰੀ ਨੂੰ ਚੰਡੀਗੜ੍ਹ ਵਿਖੇ ਇਨ੍ਹਾਂ ਮੰਗਾਂ ਦੇ ਹੱਲ ਲਈ ਪੱਕਾ ਮੋਰਚਾ ਲਾਇਆ ਜਾਵੇਗਾ। ਰਾਜੇਵਾਲ ਨੇ ਕਿਹਾ ਕਿ ਪਾਣੀ ਰਾਜ ਦੀ ਸੂਚੀ ਦੇ ਐਂਟਰੀ ਨੰਬਰ 17 'ਤੇ ਸੂਚੀਬੱਧ ਰਾਜ ਦਾ ਵਿਸ਼ਾ ਹੋਣ ਕਾਰਨ ਕੇਂਦਰ ਕੋਲ ਕੋਈ ਵੀ ਕਾਰਜਕਾਰੀ ਹੁਕਮ ਪਾਸ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।ਉਨ੍ਹਾਂ ਸਵਾਲ ਕੀਤਾ ਕਿ ਜਦੋਂ ਕਾਵੇਰੀ ਅਤੇ ਨਰਮਦਾ ਵਰਗੇ ਸਾਰੇ ਜਲ ਵਿਵਾਦ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਹੱਲ ਹੋ ਚੁੱਕੇ ਹਨ ਤਾਂ ਪੰਜਾਬ 'ਤੇ ਵੱਖ-ਵੱਖ ਮਾਪਦੰਡ ਕਿਉਂ ਲਾਗੂ ਕੀਤੇ ਜਾ ਰਹੇ ਹਨ।ਐਸ ਡੀ ਐਮ ਮੁਹਾਲੀ ਰਾਹੀਂ ਕੇਂਦਰੀ ਜਲ ਸਰੋਤ ਮੰਤਰੀ ਨੂੰ ਮੰਗ ਪੱਤਰ ਸੌਂਪਿਆ ਗਿਆ, ਜਿਨ੍ਹਾਂ ਨੇ ਇਸ ਨੂੰ ਕੇਂਦਰੀ ਟੀਮ ਕੋਲ ਵਿਚਾਰਨ ਲਈ ਭੇਜਣ ਦਾ ਭਰੋਸਾ ਦਿੱਤਾ। ਮੰਗ ਪੱਤਰ 'ਚ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਦਰਿਆਈ ਪਾਣੀਆਂ ਦੀ ਮਾਲਕੀ ਸੰਵਿਧਾਨ ਦੇ ਆਧਾਰ 'ਤੇ ਤੈਅ ਕੀਤੀ ਜਾਵੇ, ਪੰਜਾਬ ਹਰਿਆਣਾ ਅਤੇ ਰਾਜਸਥਾਨ ਦੇ ਖਿਲਾਫ ਨਹੀਂ ਹੈ, ਪਰ ਮਾਲਕੀ ਤੈਅ ਕਰਨ ਤੋਂ ਬਾਅਦ ਉਸ ਦੀਆਂ ਲੋੜਾਂ ਪੂਰੀਆਂ ਕਰਕੇ ਦੂਜੇ ਰਾਜਾਂ ਨੂੰ ਪਾਣੀ ਦੇਣ ਦਾ ਫੈਸਲਾ ਕੀਤਾ ਜਾਵੇਗਾ, ਚੰਡੀਗੜ੍ਹ ਪੰਜਾਬ ਨੂੰ ਸੌਂਪਿਆ ਜਾਵੇ ਕਿਉਂਕਿ ਇਹ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਸੀ, ਕੇਂਦਰ ਨੂੰ ਸਿਹਤ, ਸਿੱਖਿਆ ਅਤੇ ਪਾਣੀ ਵਿੱਚ ਦਖਲ ਦੇਣਾ ਬੰਦ ਕਰਨਾ ਚਾਹੀਦਾ ਹੈ। ਘੁੰਮਣ ਸਿੰਘ ਰਾਜਗੜ੍ਹ, ਗੁਰਮੀਤ ਸਿੰਘ ਕਪਿਆਲ, ਗੁਲਜ਼ਾਰ ਸਿੰਘ ਸਲੇਮਪੁਰ, ਇਕਬਾਲ ਸਿੰਘ ਮੰਡੌਲੀ, ਗੁਰਦੇਵ ਸਿੰਘ ਵਰਪਾਲ, ਬੇਅੰਤ ਸਿੰਘ ਮਹਿਮਾਸਰਜਾ, ਹਰਮਿੰਦਰ ਸਿੰਘ ਗਿੱਲ, ਪਵਨ ਕੁਮਾਰ ਸੋਗਲਪੁਰ, ਪ੍ਰੋ: ਸਰਤਾਜ ਸਿੰਘ, ਪਰਮਦੀਪ ਸਿੰਘ ਬੈਦਵਾਨ, ਡਾ: ਅਰਸ਼ਦੀਪ ਸਿੰਘ, ਕੁਲਦੀਪ ਸਿੰਘ ਆਦਿ ਨੇ ਸੰਬੋਧਨ ਕੀਤਾ।

ਔਰਤ ਸਮੇਤ 6 ਨਸ਼ਾ ਤਸਕਰ ਕਾਬੂ

ਗੁਰਾਇਆ (ਬਿੰਦਰ ਸੁਮਨ)

ਗੁਰਾਇਆ ਪੁਲਸ ਨੇ ਵੱਖ-ਵੱਖ ਮਾਮਲਿਆਂ 'ਚ 6 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ 'ਚ ਇਕ ਔਰਤ ਵੀ ਸ਼ਾਮਿਲ ਹੈ। ਗੁਰਾਇਆ ਥਾਣਾ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਐਸ.ਐਚ.ਓ ਸੁਖਦੇਵ ਸਿੰਘ ਨੇ ਦੱਸਿਆ ਕਿ ਏ.ਐਸ.ਆਈ ਸੁਖਵਿੰਦਰ ਪਾਲ ਸਿੰਘ ਸੋਢੀ ਚੌਕੀ ਇੰਚਾਰਜ ਧਲੇਟਾ ਪਿਆਰ ਸਿੰਘ ਪੁੱਤਰ ਬੰਸ ਵਾਸ ਧਲੇਟਾ ਨੂੰ ਕਾਬੂ ਕਰਕੇ ਉਸ ਪਾਸੋਂ 15 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ, ਜਿਸ ਖਿਲਾਫ ਥਾਣਾ ਗੁਰਾਇਆ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਇਸ ਸੰਬੰਧੀ 10 ਦੇ ਕਰੀਬ ਮੁਕੱਦਮੇ ਦਰਜ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਸਬ-ਇੰਸਪੈਕਟਰ ਹਰਜੀਤ ਸਿੰਘ ਚੌਕੀ ਇੰਚਾਰਜ ਦੁਸਾਂਝ ਕਲਾਂ ਨੇ ਚਰਨਦੀਪ ਉਰਫ ਚੰਦਾ ਅਤੇ ਬਲਰਾਜ ਸਿੰਘ ਉਰਫ ਬੱਜੂ ਪੁੱਤਰ ਨਰਿੰਦਰ ਸਿੰਘ ਦੋਵੇਂ ਭਰਾਵਾਂ ਵਾਸੀ ਪਿੰਡ ਢੰਡਵੜ, ਥਾਣਾ ਗੁਰਾਇਆ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਇਕ

ਸਪਲੈਂਡਰ ਮੋਟਰਸਾਈਕਲ ਅਤੇ 704 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ, ਜਿਨ੍ਹਾਂ ਖਿਲਾਫ ਮਾਮਲਾ ਗੁਰਾਇਆ ਥਾਣੇ ਵਿੱਚ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਸਬ-ਇੰਸਪੈਕਟਰ ਜਗਦੀਸ਼ ਰਾਜ ਨੇ ਰਿਸ਼ਭ ਬੰਗਾ ਪੁੱਤਰ ਦੇਸ ਰਾਜ ਵਾਸੀ ਖਾਨਪੁਰ ਥਾਣਾ ਮੁਕੰਦਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਪਿੰਡ ਅੱਟਾ ਦੇ ਨਿਰੰਕਾਰੀ ਭਵਨ ਨੇੜਿਓਂ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਕੋਲੋਂ 200 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ, ਜਿਸ ਵਿਰੁੱਧ ਥਾਣਾ ਸਦਰ ਵਿਖੇ ਮਾਮਲਾ ਦਰਜ ਕਰ ਲਿਆ ਗਿਆ। ਇਸੇ ਤਰ੍ਹਾਂ ਸਬ-ਇੰਸਪੈਕਟਰ ਮੋਹਨ ਲਾਲ ਨੇ ਲਖਵਿੰਦਰ ਕੌਰ ਉਰਫ ਨੀਟਾ ਪਤਨੀ ਰਣਧੀਰ ਸਿੰਘ ਵਾਸੀ ਭਗਤਪੁਰਾ ਥਾਣਾ ਸਦਰ ਸਤਨਾਮਪੁਰਾ ਨੂੰ ਨਹਿਰ ਪੁਲੀ ਅੱਟਾ ਤੋਂ ਉਸ ਦੇ ਸਕੂਟਰ ਸਮੇਤ 200 ਗ੍ਰਾਮ ਅਫੀਮ ਸਮੇਤ ਕਾਬੂ ਕੀਤਾ ਹੈ। ਉਹ ਗੁਰਾਇਆ ਦੇ ਇੱਕ ਹੋਟਲ ਵਿੱਚ ਅਫੀਮ ਦੀ ਡਲਿਵਰੀ ਕਰਨ ਆਈ ਸੀ ਜਿੱਥੇ ਗਾਹਕ ਇਸ ਦੀ ਉਡੀਕ ਕਰ ਰਹੇ ਸਨ। ਐਸ.ਐਚ.ਓ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਅਫੀਮ ਯੁਵਰਾਜ ਸਿੰਘ ਉਰਫ ਯੁਵੀ ਵਾਸੀ ਚਾਚੋਕੀ ਫਗਵਾੜਾ ਅੱਗੇ ਵੇਚਦਾ ਸੀ, ਜਿਸ ਕੋਲ ਹੈ। ਮਾਮਲੇ 'ਚ ਨਾਮਜ਼ਦ ਕੀਤਾ ਗਿਆ ਹੈ, ਜੋ ਅਜੇ ਤੱਕ ਫਰਾਰ ਹੈ। ਇਸੇ ਤਰ੍ਹਾਂ ਸਬ-ਇੰਸਪੈਕਟਰ ਗੁਰਮੀਤ ਰਾਮ ਚੌਕੀ ਇੰਚਾਰਜ ਰੁੜਕਾ ਕਲਾਂ ਨੇ ਪੁਲਸ ਪਾਰਟੀ ਸਮੇਤ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਬਾੜਾ ਪਿੰਡ ਰੋਡ ਗੁਰਾਇਆ ਨੂੰ 100 ਗ੍ਰਾਮ ਅਫੀਮ ਸਮੇਤ ਕਾਬੂ ਕੀਤਾ। ਜਿਸ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਪੰਜਾਬ ਬਸਪਾ ਨੂੰ ਮਜ਼ਬੂਤ ਕਰਨ ਸੰਬੰਧੀ ਕੇਡਰ ਕੈਂਪ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)

ਬਹੁਜਨ ਸਮਾਜ ਪਾਰਟੀ ਦੀ ਅਗਾਂਹਵਧੂ ਸੋਚ ਅਤੇ ਪਾਰਟੀ ਦੀ ਮਜ਼ਬੂਤੀ ਲਈ ਵੱਖੋਂ-ਵੱਖ ਥਾਵਾਂ 'ਤੇ ਕੇਡਰ ਕੈਂਪ ਲਗਾਏ ਜਾ ਰਹੇ ਹਨ।ਇਸੇ ਤਰ੍ਹਾਂ ਪਿੰਡ ਜਾਫਰਪੁਰ ਵਿਖੇ ਜਿਲ੍ਹਾ

ਪ੍ਰਧਾਨ ਸਰਬਜੀਤ ਸਿੰਘ ਜਾਫਰਪੁਰ ਦੀ ਅਗਵਾਈ ਹੇਠ, ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦੇ ਉਦੇਸ਼ ਦੀ ਪ੍ਰਾਪਤੀ ਹਿੱਤ ਲਈ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਪ੍ਰੀ-ਨਿਰਵਾਣ ਨੂੰ ਸਮਰਪਿਤ ਅਣਖ ਜਗਾਓ ਵਰਕਰ ਸੰਮੇਲਨ ਕਰਵਾਇਆ ਗਿਆ।ਜਿਸ ਵਿੱਚ ਵਿਸ਼ੇਸ਼ ਮਹਿਮਾਨ ਹਲਕਾ ਵਿਧਾਇਕ ਅਤੇ ਸੂਬਾ ਇੰਚਾਰਜ ਡਾਕਟਰ ਨਛੱਤਰ ਪਾਲ ਅਤੇ ਮੁੱਖ ਮਹਿਮਾਨ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਸ਼ਿਰਕਤ ਕੀਤੀ।ਜਿਥੇ ਪਾਰਟੀ ਦੇ ਮਿਸ਼ਨਰੀ ਗਾਇਕਾ ਵੱਲੋਂ ਰਚਨਾਵਾ ਪੇਸ਼ ਕੀਤੀਆ ਅਤੇ ਸੀਨੀਅਰ ਲੀਡਰਾਂ ਵੱਲੋਂ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਗਏ।ਇਸ ਦੌਰਾਨ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਨਵਾਂਸ਼ਹਿਰ ਦੀ ਅਗਵਾਈ ਹੇਠ ਹਲਕੇ ਦੀ ਸਾਰੀ ਲੀਡਰਸ਼ਿਪ ਤੇ ਵਰਕਰਾਂ ਸਮੇਤ ਆਰਥਿਕ ਸਹਿਯੋਗ ਦਿਵਸ ਲਈ ਇੱਕ ਲੱਖ ਗਿਆਰਾਂ ਹਜ਼ਾਰ ਰੁਪਏ ਰਾਸ਼ੀ ਦੀ ਥੈਲੀ ਪੰਜਾਬ ਪ੍ਰਧਾਨ ਜਸਵੀਰ ਸਿੰਘ ਨੂੰ ਭੇਟ ਕੀਤੀ ਗਈ।ਇਸ ਮੌਕੇ ਜਨਰਲ ਸਕੱਤਰ ਪੰਜਾਬ ਪ੍ਰਵੀਨ ਬੰਗਾ, ਵਿਧਾਨ ਸਭਾ ਪ੍ਰਧਾਨ ਰਸ਼ਪਾਲ ਗੁਰਮੁੱਖ ਨੌਰਥ ਮਾਸਟਰ ਪ੍ਰੇਮ ਰਤਨ, ਮੁਕੇਸ਼ ਬਾਲੀ, ਰਾਜ ਕੁਮਾਰ, ਅਮਰੀਕ ਬੰਗਾ, ਸੁਰਜੀਤ ਕਰੀਹਾ, ਹਰਮੇਸ਼ ਨੌਰਦ, ਧਰਮਪਾਲ, ਗਿਆਨ ਚੰਦ, ਬਲਵਿੰਦਰ ਭੰਗਲ, ਮੁਖਤਿਆਰ ਮੁਖਾ, ਹਰਮੇਸ਼ ਕੁਮਾਰ, ਹਰਬੰਸ ਲਾਲ, ਰੇਸ਼ਮ ਲਾਲ, ਰਕੇਸ਼ ਜਨਾਗਲ, ਰਾਜ ਕੁਮਾਰ, ਸੁਸ਼ੀਲ ਕੁਮਾਰ ਸ਼ੀਲਾ, ਗੁਰਪ੍ਰੀਤ ਗਗਾ, ਕਸ਼ਮੀਰ ਸਿੰਘ, ਸੋਨੂੰ ਸਾਹਿਬ, ਰਾਜ ਕੁਮਾਰ ਰਾਜੂ, ਸਰਪੰਚ ਰਕੇਸ਼ ਕੁਮਾਰ, ਕਰਨੈਲ ਦਰਦੀ, ਜਸਵੀਰ ਜੱਸੀ, ਪਟਵਾਰੀ ਹਰੀਕ੍ਰਿਸ਼ਨ, ਹਰਨਰਜਨ ਸਿੰਘ, ਹਰਬੰਸ ਕਰੀਹਾ, ਵਿਜੇ ਸਰਪੰਚ ਆਦਿ ਹੋਰ ਵੀ ਸਾਥੀ ਹਾਜ਼ਰ ਸਨ।

ਵਾਹਨਾਂ 'ਤੇ ਰਿਫਲੈਕਟਰ ਲਗਾਉਣੇ ਬਣਾਏ ਜਾਣ ਯਕੀਨੀ : ਡਿਪਟੀ ਕਮਿਸ਼ਨਰ

ਨਵਾਂਸ਼ਹਿਰ, (ਮਨੋਜ ਲਾਡੀ)- ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਹਦਾਇਤ ਕਰਦਿਆਂ ਕਿਹਾ ਕਿ ਸੰਘਣੀ ਧੁੰਦ ਹੋਣ ਕਾਰਨ ਅਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਵਾਹਨਾਂ 'ਤੇ ਰਿਫਲੈਕਟਰ ਲਗਾਉਣੇ ਯਕੀਨੀ ਬਣਾਏ ਜਾਣ। ਉਨ੍ਹਾਂ ਦੱਸਿਆ ਕਿ ਸਰਦੀ ਦਾ ਮੌਸਮ ਸ਼ੁਰੂ ਹੋ ਗਿਆ ਹੈ ਅਤੇ ਇਸ ਸਮੇਂ ਬਹੁਤ ਹੀ ਸੰਘਣੀ ਧੁੰਦ ਪੈ ਰਹੀ ਹੈ। ਸੰਘਣੀ ਧੁੰਦ ਹੋਣ ਕਰਕੇ ਸੜਕਾਂ 'ਤੇ ਹਾਦਸਾ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਇਸ ਸਮੇਂ ਗੰਨੇ ਦਾ ਸੀਜਨ ਹੋਣ ਕਰਕੇ ਕਿਸਾਨ ਸ਼ੂਗਰ ਮਿੱਲ ਨਵਾਂਸ਼ਹਿਰ ਵਿਖੇ ਵੱਖ-ਵੱਖ ਸਥਾਨਾਂ ਤੋਂ ਗੰਨਾ ਲੈ ਕੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਗੰਨੇ ਨਾਲ ਭਰੀਆਂ ਹੋਈਆਂ ਟਰਾਲੀਆਂ ਦੇ ਪਿਛਲੇ ਪਾਸੇ ਅਤੇ ਸਾਈਡਾਂ 'ਤੇ ਰਿਫਲੈਕਟਰ ਲਗਵਾਉਣੇ ਬਹੁਤ ਜ਼ਰੂਰੀ ਹਨ, ਤਾਂ ਜੋ ਕਿਸੇ ਵੀ ਜਾਨੀ/ਮਾਲੀ ਨੁਕਸਾਨ ਤੋਂ ਬਚਿਆ ਜਾ ਸਕੇ।

ਨਗਰ ਕੌਂਸਲ ਵੱਲੋਂ ਚਾਈਨਾ ਡੋਰ ਸੰਬੰਧੀ ਮਾਰੇ ਗਏ ਛਾਪੇ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ 'ਚ ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ, ਸੈਨੇਟਰੀ ਇੰਸਪੈਕਟਰ ਮਦਨ ਲਾਲ, ਇੰਸਪੈਕਟਰ ਗੁਰਦੇਵ ਸਿੰਘ ਬਹਿਲੂ ਟੈਕਸ ਇੰਸਪੈਕਟਰ ਦੀ ਟੀਮ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਬਾਜ਼ਾਰਾਂ 'ਚ ਚਾਈਨਾ ਡੋਰ ਸੰਬੰਧੀ ਛਾਪੇ ਮਾਰੇ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਦੱਸਿਆ ਕਿ ਨਗਰ ਕੌਂਸਲ ਦੀ ਟੀਮ ਵੱਲੋਂ ਆਨੰਦਪੁਰ ਸਾਹਿਬ ਦੇ ਚੋਈ ਬਾਜ਼ਾਰ, ਮੁੱਖ ਬਾਜ਼ਾਰ, ਕਲਗੀਧਰ ਮਾਰਕੀਟ, ਕਾਲਜ ਰੋਡ, ਨਵੀਂ ਆਬਾਦੀ ਕਚਹਿਰੀਆਂ ਰੋਡ ਆਦਿ ਵੱਖ ਵੱਖ ਬਾਜ਼ਾਰਾਂ 'ਚ ਛਾਪੇ ਮਾਰੇ ਗਏ। ਪੰਜਾਬ ਸਰਕਾਰ ਦੀ ਹਦਾਇਤਾਂ ਮੁਤਾਬਕ ਚਾਈਨਾ ਡੋਰ ਦੀ ਵਿਕਰੀ ਪੂਰਨ ਤੌਰ 'ਤੇ ਬੰਦ ਹੈ। ਦੁਕਾਨਦਾਰਾਂ ਨੂੰ ਸਖਤ ਹਦਾਇਤ ਦਿੱਤੀ ਗਈ ਕਿ ਚਾਈਨਾ ਡੋਰ ਦੀ ਪਾਬੰਦੀ ਦਾ ਖਾਸ ਖਿਆਲ ਰੱਖਿਆ ਜਾਵੇ। ਉਹਨਾਂ ਕਿਹਾ ਕਿ ਜੇਕਰ ਕੋਈ ਦੁਕਾਨਦਾਰ ਚਾਈਨਾ ਡੋਰ ਦੀ ਵਿਕਰੀ ਕਰਦਾ ਫੜਿਆ ਗਿਆ ਤਾਂ ਭਾਰੀ ਜੁਰਮਾਨਾ ਲਗਾਇਆ ਜਾਵੇਗਾ।

ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਤੇ ਹੋਰਨਾਂ ਸ਼ਹੀਦਾਂ ਦੀ ਯਾਦ 'ਚ ਲੰਗਰ ਲਗਾਇਆ

ਫਿਲੌਰ, (ਨਿਰਮਲ)- ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਅਤੇ ਹੋਰਨਾਂ ਸ਼ਹੀਦਾਂ ਦੀ ਯਾਦ ਵਿੱਚ ਸੈਣੀ ਮੈਡੀਕਲ ਹਾਲ ਅੱਗੇ ਲੰਗਰ ਲਗਾਇਆ ਗਿਆ। ਵਰਿੰਦਰ ਸੈਣੀ ਨੇ ਦੱਸਿਆ ਕਿ ਦਸਮੇਸ਼ ਪਿਤਾ

30-Dec-PAGE-9.qxd 12/29/2023 10:07 PM Page 1

ਕਿਰਤੀ ਕਿਸਾਨ ਯੂਨੀਅਨ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਵਿਚਾਰ-ਚਰਚਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)

ਲਾਸਾਨੀ ਕੁਰਬਾਨੀ ਦੇ ਚਿੰਨ੍ਹ ਮਹਾਨ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਸੰਬੰਧੀ ਕਿਰਤੀ ਕਿਸਾਨ ਯੂਨੀਅਨ ਪਿੰਡ ਉੜਾਪੜ ਵੱਲੋਂ ਇਨ੍ਹਾਂ ਇਤਿਹਾਸਕ ਸ਼ਹਾਦਤਾਂ ਨੂੰ ਸਮਰਪਿਤ ਸੈਮੀਨਾਰ ਆਯੋਜਿਤ ਕਰਕੇ ਵਿਚਾਰ ਚਰਚਾ ਕਰਵਾਈ ਗਈ, ਜਿਸ 'ਚ ਪਿੰਡ ਦੀਆਂ ਔਰਤਾਂ, ਕਿਸਾਨਾਂ ਅਤੇ ਹੋਰ ਪਿੰਡ ਵਾਸੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਦਲਜੀਤ ਸਿੰਘ, ਬੂਟਾ ਸਿੰਘ ਮਹਿਮੂਦਪੁਰ, ਢਾਡੀ ਗੁਰਦੀਪ ਸਿੰਘ ਅਤੇ ਮਾਸਟਰ ਨਰਿੰਦਰ ਸਿੰਘ ਨੇ ਕਿਹਾ ਕਿ ਇਤਿਹਾਸਕ ਸਿੱਖ ਜੱਦੋ ਜਹਿਦ ਕਿਸੇ ਖ਼ਾਸ ਧਰਮ ਜਾਂ ਧਾਰਮਿਕ ਫਿਰਕੇ ਵਿਰੁੱਧ ਨਾ ਹੋ ਕੇ ਜਬਰ-ਜ਼ੁਲਮ, ਬੇਇਨਸਾਫ਼ੀ ਅਤੇ ਨਿਰੰਕੁਸ਼ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਹੱਕ, ਸੱਚ ਅਤੇ ਇਨਸਾਫ਼ ਦੀ ਜੱਦੋ ਜਹਿਦ ਸੀ, ਜਿਸ ਦੇ ਪਿੱਛੇ ਜਾਤਪਾਤ ਅਤੇ ਹਰ ਤਰ੍ਹਾਂ ਦੀ ਨਾਬਰਾਬਰੀ ਨੂੰ ਖ਼ਤਮ ਕਰਕੇ ਸਾਂਝੀਵਾਲਤਾ ਅਤੇ ਬਰਾਬਰੀ 'ਤੇ ਆਧਾਰਿਤ, ਭੈਅ ਮੁਕਤ ਲੋਕਪੱਖੀ ਸਮਾਜ ਸਿਰਜਣ ਦੀ ਵਿਚਾਰਧਾਰਾ ਹੈ, ਜਿਸ ਦਾ ਨਿਚੋੜ ਮਨੁੱਖੀ ਹੱਕਾਂ ਅਤੇ ਮਨੁੱਖੀ ਮਾਣ-ਸਨਮਾਨ ਦੀ ਰਾਖੀ ਲਈ ਜੱਦੋ ਜਹਿਦ ਹੈ।ਗੁਰੂ ਸਾਹਿਬਾਨ ਨੇ ਵਿਚਾਰਧਾਰਕ, ਸਮਾਜਿਕ ਅਤੇ ਰਾਜਨੀਤਕ ਰੂਪ 'ਚ ਸਮੇਂ ਦੇ ਹੁਕਮਰਾਨਾਂ ਅਤੇ ਲੋਕਾਂ ਨੂੰ ਮਾਨਸਿਕ ਗ਼ੁਲਾਮੀ 'ਚ ਜਕੜਨ ਵਾਲੀਆਂ ਹੋਰ ਪਿਛਾਖੜੀ ਤਾਕਤਾਂ ਵਿਰੁੱਧ ਸਮੇਂ ਦੀ ਜ਼ਰੂਰਤ ਅਨੁਸਾਰ ਸ਼ਾਂਤਮਈ ਅਤੇ ਹਥਿਆਰਬੰਦ ਲੜਾਈ ਲੜਕੇ ਸ਼ਹਾਦਤਾਂ ਅਤੇ ਕੁਰਬਾਨੀਆਂ ਦਾ ਇਤਿਹਾਸ ਰਚਿਆ।ਹਾਕਮ ਜਮਾਤਾਂ ਅਤੇ ਧਾਰਮਿਕ ਰੂੜ੍ਹੀਵਾਦੀ ਤਾਕਤਾਂ ਸ਼ਹਾਦਤਾਂ ਦਾ ਰਸਮੀ ਗੁਣਗਾਣ ਕਰਕੇ ਆਮ ਲੋਕਾਈ ਨੂੰ ਇਸ ਸ਼ਾਨਾਮੱਤੇ ਇਤਿਹਾਸ ਦੀ ਅਸਲ ਪ੍ਰੇਰਨਾ ਤੋਂ ਦੂਰ ਰੱਖਦੀਆਂ ਹਨ।ਜਦਕਿ ਸਮਾਜ ਦੇ ਹਿੱਤਾਂ ਅਤੇ ਸਮੇਂ ਦੀ ਮੰਗ ਇਹ ਹੈ ਕਿ ਕੁਰਬਾਨੀਆਂ ਅਤੇ ਸ਼ਹਾਦਤਾਂ ਦੇ ਇਤਿਹਾਸ ਉੱਪਰ ਉਸਾਰੂ ਚਰਚਾ ਕਰਕੇ ਉਸ ਲੰਮੇ ਸੰਘਰਸ਼ ਦੀ ਅਸਲ ਭਾਵਨਾ ਨੂੰ ਆਤਮਸਾਤ ਕੀਤਾ ਜਾਵੇ ਅਤੇ ਇਤਿਹਾਸਕ ਘਟਨਾਵਾਂ ਦੇ ਨਿਚੋੜ ਨੂੰ ਬਦੀ ਦੀਆਂ ਅਜੋਕੀਆਂ ਤਾਕਤਾਂ ਵਿਰੁੱਧ ਸੰਘਰਸ਼ ਦੀ ਪ੍ਰੇਰਨਾ ਬਣਾਇਆ ਜਾਵੇ।ਬੁਲਾਰਿਆਂ ਨੇ ਕਿਹਾ ਕਿ ਅੱਜ ਪੂਰੀ ਦੁਨੀਆ ਅਤੇ ਸਾਡੇ ਆਪਣੇ ਦੇਸ਼ 'ਚ ਲੋਟੂ ਨਿਜ਼ਾਮ ਦੀਆਂ ਹਾਕਮ ਜਮਾਤਾਂ ਮਨੁੱਖੀ ਹੱਕਾਂ ਦਾ ਘਾਣ ਕਰ ਰਹੀਆਂ ਹਨ, ਜਿਸ ਦੀਆਂ ਵੱਡੀਆਂ ਮਿਸਾਲਾਂ ਫ਼ਲਸਤੀਨ, ਕਸ਼ਮੀਰ, ਮਨੀਪੁਰ ਅਤੇ ਭਾਰਤ ਦੇ ਆਦਿਵਾਸੀ ਇਲਾਕਿਆਂ 'ਚ ਲੋਟੂ ਤੇ ਧਾੜਵੀ ਹਿੱਤਾਂ ਲਈ ਕੀਤੀ ਜਾ ਰਹੀ ਨਸਲਕੁਸ਼ੀ, ਔਰਤਾਂ ਵਿਰੁੱਧ ਜਿਨਸੀ ਹਿੰਸਾ ਅਤੇ ਕਤਲੇਆਮ ਹਨ।ਭਾਰਤ 'ਚ ਅੱਜ ਘੱਟਗਿਣਤੀਆਂ ਅਤੇ ਹੋਰ ਦੱਬੇ ਕੁਚਲੇ ਤੇ ਕਿਰਤੀ ਲੋਕ ਭਾਜਪਾ ਹਕੂਮਤ ਦੇ ਜਬਰ ਦੀ ਚੱਕੀ 'ਚ ਪਿਸ ਰਹੇ ਹਨ।ਬੁਲਾਰਿਆਂ ਨੇ ਕਿਹਾ ਕਿ ਅੱਜ ਦੁਨੀਆ 'ਚ ਜਿੱਥੇ ਕਿਤੇ ਵੀ ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ, ਉਸ ਵਿਰੁੱਧ ਆਵਾਜ਼ ਉਠਾਉਣਾ ਅਤੇ ਮਜ਼ਲੂਮ ਧਿਰ ਨਾਲ ਖੜ੍ਹਨਾ ਹੀ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦਾਂ ਦੀ ਸ਼ਹਾਦਤ ਨੂੰ ਸੱਚੇ ਅਰਥਾਂ 'ਚ ਯਾਦ ਕਰਨਾ ਹੈ।ਇਸ ਮੌਕੇ ਸਰਵਸੰਮਤੀ ਨਾਲ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਬਿਨਾਂ ਮੁਕੱਦਮਾ ਚਲਾਏ ਝੂਠੇ ਕੇਸਾਂ ਤਹਿਤ ਜੇਲ੍ਹਾਂ 'ਚ ਡੱਕੇ ਬੁੱਧੀਜੀਵੀਆਂ ਅਤੇ ਸਿਆਸੀ ਕੈਦੀਆਂ ਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਸਮੇਤ ਸਾਰੇ ਹੀ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।ਇੱਕ ਹੋਰ ਮਤੇ ਰਾਹੀਂ ਮੰਗ ਕੀਤੀ ਗਈ ਕਿ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਗ਼ੈਰਅਦਾਲਤੀ ਹੱਤਿਆਵਾਂ ਦਾ ਸਿਲਸਿਲਾ ਬੰਦ ਕੀਤਾ ਜਾਵੇ ਅਤੇ ਗੈਂਗਸਟਰਾਂ ਦੇ ਮੁਕਾਬਲਿਆਂ ਦੀ ਜਾਂਚ ਹਾਈਕੋਰਟ ਦੇ ਜੱਜ ਤੋਂ ਕਰਵਾਈ ਜਾਵੇ।ਸਮਾਗਮ 'ਚ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕਨਨੈਲ ਸਿੰਘ ਉੜਾਪੜ, ਬਲਦੇਵ ਸਿੰਘ ਉੜਾਪੜ, ਸਰਿੰਦਰ ਸਿੰਘ ਸਰਪੰਚ, ਮੋਹਣ ਸਿੰਘ ਪੰਚ, ਸਤਨਾਮ ਸਿੰਘ , ਦਰਸ਼ਣ ਸਿੰਘ, ਪਰਮਜੀਤ ਸਿੰਘ ਬੜਵਾਲ ਸਮੇਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਮੰਗਾਂ ਨੂੰ ਲੈ ਕੇ ਸੋਮ ਪ੍ਰਕਾਸ਼ ਤੇ ਸੁਸ਼ੀਲ ਰਿੰਕੂ ਨੂੰ ਦਿੱਤਾ ਮੰਗ ਪੱਤਰ

ਫਿਲੌਰ, (ਨਿਰਮਲ) ਆਂਗਣਵਾੜੀ ਮੁਲਾਜਜ਼ਮ ਯੂਨੀਅਨ ਪੰਜਾਬ (ਸੀਟੂ) ਨੇ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਸੋਮ ਪ੍ਰਕਾਸ਼ ਅਤੇ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ ਨੂੰ ਮੰਗ ਪੱਤਰ ਦਿੱਤਾ। ਗੱਲਬਾਤ ਕਰਦਿਆਂ ਸੀਟੂ ਦੇ ਸੂਬਾ ਆਗੂ ਕ੍ਰਿਸ਼ਨਾ ਕੁਮਾਰੀ ਪੁਆਦੜਾ ਅਤੇ ਪੂਨਮ ਰਾਣੀ ਨੇ ਦੱਸਿਆ ਕਿ ਸੀਟੂ ਵੱਲੋਂ ਸਮੇਂ ਸਮੇਂ ਸਿਰ ਆਪਣੀਆਂ ਜਾਇਜ਼ ਅਤੇ ਨਿਗੂਣੀਆਂ ਮੰਗਾਂ ਨੂੰ ਲੈ ਕੇ ਪਿਛਲੇ ਦਹਾਕੇ ਤੋਂ ਤਿੱਖਾ ਸੰਘਰਸ਼ ਕੀਤਾ ਜਾ ਰਿਹਾ ਹੈ। ਪ੍ਰੰਤੂ ਸਰਕਾਰਾਂ ਨੇ ਨਿਗੂਣੇ ਭੱਤੇ 'ਤੇ ਇਨ੍ਹਾਂ ਮੁਲਾਜ਼ਮਾਂ ਤੋਂ ਕੰਮ ਲੈ ਕੇ ਇਨ੍ਹਾਂ ਦਾ ਰੱਜ ਕੇ ਸ਼ੋਸ਼ਣ ਕੀਤਾ ਹੈ। ਹੁਣ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨਾਲ ਇਨ੍ਹਾਂ ਆਗੂਆਂ ਦਾ ਵਾਹ ਵਾਸਤਾ ਪਿਆ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਸਿਰਫ਼ ਮੁਲਾਜ਼ਮਾਂ ਦਾ ਘਾਣ ਹੀ ਕੀਤਾ ਹੈ। ਜਿਸ ਨੂੰ ਬਰਦਾਸ਼ਤ ਕਰਨਾ ਬਹੁਤ ਔਖਾ ਹੈ। ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ। ਇਸ ਮੌਕੇ ਸੈਂਕੜੇ ਮਹਿਲਾਵਾਂ ਆਗੂ ਹਾਜ਼ਰ ਸਨ।

ਲੁਟੇਰਿਆਂ ਤੇਜ਼ਧਾਰ ਹਥਿਆਰਾਂ ਨਾਲ ਨੌਜਵਾਨ ਨੂੰ ਲੁੱਟਿਆ

ਗੁਰਾਇਆ, (ਬਿੰਦਰ ਸੁਮਨ)- ਗੁਰਾਇਆ 'ਚ ਲੁਟੇਰਿਆਂ ਦਾ ਆਤੰਕ ਰੁਕਣ ਦਾ ਨਾਂ ਨਹੀਂ ਲੈ ਰਿਹਾ, ਉਥੇ ਹੀ ਪੁਲਸ ਪ੍ਰਸ਼ਾਸਨ ਵੀ ਮੂਕ ਦਰਸ਼ਕ ਬਣ ਕੇ ਬੈਠਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਜ਼ਖਮੀ ਹੋ ਕੇ ਲੁੱਟ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਅਜਿਹੀ ਹੀ ਇੱਕ ਹੋਰ ਘਟਨਾ ਨੂੰ ਅੰਜਾਮ ਦੇਰ ਸ਼ਾਮ ਦਿੰਦੇ ਹੋਏ ਲੁਟੇਰਿਆਂ ਨੇ ਇੱਕ ਨੌਜਵਾਨ ਨੂੰ ਤੇਜ਼ਧਾਰ ਹਥਿਆਰਾਂ ਨਾਲ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਨਿਤੀਸ਼ ਸ਼ਰਮਾ ਪੁੱਤਰ ਗੁਲਸ਼ਨ ਸ਼ਰਮਾ ਵਾਸੀ ਕ੍ਰਿਸ਼ਨਾ ਕਾਲੋਨੀ ਗੁਰਾਇਆ ਨੇ ਦੱਸਿਆ ਕਿ ਉਹ ਫਗਵਾੜਾ ਵਿਖੇ ਕਾਰ ਏਜੰਸੀ ਵਿੱਚ ਕੰਮ ਕਰਦਾ ਹੈ ਅਤੇ ਜਦੋਂ ਸ਼ਾਮ ਸਾਢੇ ਸੱਤ ਵਜੇ ਦੇ ਕਰੀਬ ਗੁਰਾਇਆ ਤੋਂ ਆਪਣੇ ਮੋਟਰਸਾਈਕਲ 'ਤੇ ਫਗਵਾੜਾ ਤੋਂ ਵਾਪਸ ਆ ਰਿਹਾ ਸੀ ਤਾਂ ਜਦੋਂ ਉਹ ਪਿੰਡ ਗੋਹਾਵਰ ਦੇ ਰੇਡੀਓ ਸਟੇਸ਼ਨ ਨੇੜੇ ਪਹੁੰਚਿਆ ਤਾਂ 4 ਤੋਂ 5 ਮੋਟਰਸਾਈਕਲਾਂ 'ਤੇ ਸਵਾਰ ਨੌਜਵਾਨਾਂ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਸ ਨੇ ਮੋਟਰਸਾਈਕਲ ਨਾ ਰੋਕਿਆ ਤਾਂ ਕੁਝ ਨੌਜਵਾਨਾਂ ਨੇ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ ਅਤੇ ਕੁਝ ਨੇ ਆਪਣੇ ਮੋਟਰਸਾਈਕਲ ਉਸ ਦੇ ਅੱਗੇ ਲਾ ਦਿੱਤੇ ਜਿਨ੍ਹਾਂ ਕੋਲ ਤੇਜ਼ਧਾਰ ਹਥਿਆਰ ਸਨ। ਟੱਕਰ ਕਾਰਨ ਉਹ ਹੇਠਾਂ ਡਿੱਗ ਪਿਆ ਅਤੇ ਉਥੋਂ ਭੱਜ ਗਿਆ। ਲੁਟੇਰਿਆਂ ਨੇ ਉਸ ਦਾ ਪਿੱਛਾ ਕੀਤਾ ਅਤੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੇ ਸਿਰ 'ਤੇ ਵਾਰ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਲੁਟੇਰਿਆਂ ਨੇ ਉਸ ਦਾ ਨਵਾਂ ਮੋਟਰਸਾਈਕਲ, ਦੋ ਮੋਬਾਈਲ ਫੋਨ, ਏ.ਟੀ.ਐੱਮ ਕਾਰਡ, ਡੈਬਿਟ ਕਾਰਡ, 3000 ਦੀ ਨਕਦੀ ਲੁੱਟ ਲਈ ਅਤੇ ਉਸ ਦਾ ਬੈਗ ਲੈ ਕੇ ਭੱਜ ਗਏ। ਨਿਤੀਸ਼ ਨੇ ਦੱਸਿਆ ਕਿ ਉਸ ਨੇ ਇਕ ਰਾਹਗੀਰ ਤੋਂ ਮਦਦ ਮੰਗੀ ਅਤੇ ਆਪਣੇ ਪਿਤਾ ਨੂੰ ਫੋਨ ਕਰਕੇ ਸਾਰੀ ਘਟਨਾ ਬਾਰੇ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਉਸ ਦੇ ਪਿਤਾ ਨੇ ਮੌਕੇ 'ਤੇ ਪਹੁੰਚ ਕੇ ਉਸ ਨੂੰ ਸਿਵਲ ਹਸਪਤਾਲ ਬੜਾ ਪਿੰਡ ਪਹੁੰਚਾਇਆ। ਜਿਸ ਦੇ ਸਿਰ ਵਿੱਚ ਕਰੀਬ 20 ਟਾਂਕੇ ਲੱਗੇ ਹਨ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਐਸ.ਐਚ.ਓ ਗੁਰਾਇਆ ਨੇ ਸਿਵਲ ਹਸਪਤਾਲ ਵਿਖੇ ਪਹੁੰਚ ਕੇ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿੱਤਾ ਹੈ।

ਜਲੰਧਰ ਨੂੰ ਮਿਲਿਆ ਵੰਦੇ ਭਾਰਤ ਐਕਸਪ੍ਰੈਸ ਦਾ ਤੋਹਫਾ

ਜਲੰਧਰ (ਸੁਰਿੰਦਰ ਕੁਮਾਰ)

ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦੀ ਮਿਹਨਤ ਉਸ ਸਮੇਂ ਰੰਗ ਲਿਆਈ ਜਦੋਂ ਜਲੰਧਰ-ਅੰਮ੍ਰਿਤਸਰ ਵੰਦੇ ਭਾਰਤ ਐਕਸਪ੍ਰੈਸ ਦੇ ਚੱਲ ਰਹੇ ਸ਼ਡਿਊਲ ਵਿੱਚ ਸ਼ਾਮਲ ਕੀਤਾ ਗਿਆ। ਰੇਲਵੇ ਵੱਲੋਂ ਇਹ ਨਵੀਂ ਟਰੇਨ 30 ਦਸੰਬਰ ਨੂੰ ਸ਼ੁਰੂ ਕੀਤੀ ਜਾ ਰਹੀ ਹੈ ਜੋ ਹੁਣ ਜਲੰਧਰ ਵਿਖੇ ਵੀ ਰੁਕੇਗੀ। ਇਸ ਤੋਂ ਪਹਿਲਾਂ ਇਸ ਰੇਲਗੱਡੀ ਨੂੰ ਜਲੰਧਰ ਵਿੱਚ ਸਟਾਪੇਜ ਨਾ ਦਿੱਤੇ ਜਾਣ ਦੀਆਂ ਖਬਰਾਂ ਕਾਰਨ ਲੋਕਾਂ ਵਿੱਚ ਭਾਰੀ ਨਿਰਾਸ਼ਾ ਪਾਈ ਗਈ ਸੀ। ਜ਼ਿਕਰਯੋਗ ਹੈ ਕਿ 20 ਦਸੰਬਰ ਨੂੰ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਇਸ ਅਹਿਮ ਮੁੱਦੇ 'ਤੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨਾਲ ਮੁਲਾਕਾਤ ਕੀਤੀ ਸੀ, ਜਿਨ੍ਹਾਂ ਦੇ ਸਾਹਮਣੇ ਉਨ੍ਹਾਂ ਨੇ ਇਸ ਰੇਲ ਗੱਡੀ ਨੂੰ ਜਲੰਧਰ 'ਚ ਸਟਾਪੇਜ ਦੇਣ ਦੀ ਮੰਗ ਰੱਖੀ ਸੀ। ਪੰਜਾਬ ਦਾ ਸਹਿਰ ਅਤੇ ਐਨ ਆਰ ਆਈ ਹੱਬ। ਨਵੇਂ ਸ਼ਡਿਊਲ ਅਨੁਸਾਰ ਇਹ ਰੇਲ ਗੱਡੀ ਜਲੰਧਰ ਤੋਂ ਸਵੇਰੇ 9:26 'ਤੇ ਰਵਾਨਾ ਹੋਵੇਗੀ ਅਤੇ ਦੁਪਹਿਰ 1:50 'ਤੇ ਦਿੱਲੀ ਪਹੁੰਚੇਗੀ, ਇਸੇ ਤਰ੍ਹਾਂ ਇਹ ਦਿੱਲੀ ਤੋਂ ਦੁਪਹਿਰ 3:15 'ਤੇ ਰਵਾਨਾ ਹੋਵੇਗੀ ਅਤੇ ਸ਼ਾਮ 7:26 'ਤੇ ਜਲੰਧਰ ਪਹੁੰਚੇਗੀ। ਇਹ ਟਰੇਨ ਹਫਤੇ 'ਚ 6 ਦਿਨ ਚੱਲੇਗੀ।

ਸੰਸਦ ਮੈਂਬਰ ਰਿੰਕੂ ਨੇ ਰੇਲ ਮੰਤਰੀ ਨੂੰ ਦੱਸਿਆ ਸੀ ਕਿ ਜਲੰਧਰ ਸੂਬੇ ਦਾ ਇੱਕ ਪ੍ਰਮੁੱਖ ਉਦਯੋਗਿਕ ਸਹਿਰ ਹੈ ਅਤੇ ਐਨ ਆਰ ਆਈ ਹੱਬ ਵੀ ਹੈ। ਜਲੰਧਰ ਵਿਖੇ ਇਸ ਰੇਲਗੱਡੀ ਦੇ ਰੁਕਣ ਨਾਲ ਉੱਦਮੀਆਂ, ਕਾਰੋਬਾਰੀਆਂ ਅਤੇ ਪ੍ਰਵਾਸੀ ਭਾਰਤੀਆਂ ਨੂੰ ਬਹੁਤ ਫਾਇਦਾ ਹੋਵੇਗਾ। ਰਿੰਕੂ ਨੇ ਪਹਿਲਾਂ ਤੋਂ ਚੱਲ ਰਹੀ ਨਵੀਂ ਦਿੱਲੀ-ਕਟੜਾ ਵੰਦੇ ਭਾਰਤ ਐਕਸਪ੍ਰੈਸ ਨੂੰ ਜਲੰਧਰ ਵਿਖੇ ਸਟਾਪੇਜ ਦੇਣ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਸ ਰੇਲਗੱਡੀ ਨੂੰ ਜਲੰਧਰ ਵਿੱਚ ਸਟਾਪੇਜ ਦੇਣ ਨਾਲ ਜਲੰਧਰ ਤੋਂ ਮਾਤਾ ਵੈਸ਼ਨੋ ਦੇਵੀ ਅਤੇ ਜੰਮੂ ਜਾਣ ਵਾਲੇ ਯਾਤਰੀਆਂ ਨੂੰ ਕਾਫੀ ਫਾਇਦਾ ਹੋਵੇਗਾ, ਜੋ ਲਗਭਗ ਅੱਧੇ ਸਮੇਂ ਵਿੱਚ ਉੱਥੇ ਪਹੁੰਚ ਸਕਣਗੇ। ਸੰਸਦ ਮੈਂਬਰ ਰਿੰਕੂ ਨੇ ਰੇਲ ਮੰਤਰੀ ਨੂੰ ਦੱਸਿਆ ਕਿ ਜਲੰਧਰ ਪੰਜਾਬ ਦਾ ਵੱਡਾ ਸਟੇਸ਼ਨ ਹੈ। ਇਸ ਸਟੇਸ਼ਨ 'ਤੇ ਰੋਜ਼ਾਨਾ ਹਜ਼ਾਰਾਂ ਯਾਤਰੀ ਆਉਂਦੇ ਹਨ।

ਸੰਧਵਾਂ ਨੇ ਫਰੀਦਕੋਟ ਦੀ ਅਮਨ ਕਾਨੂੰਨ ਦੀ ਸਥਿਤੀ ਸੰਬੰਧੀ ਡੀ ਜੀ ਪੀ ਨਾਲ ਕੀਤੀ ਸਮੀਖਿਆ ਮੀਟਿੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੀਤੀ ਸ਼ਾਮ ਜ਼ਿਲ੍ਹਾ ਫਰੀਦਕੋਟ ਦੀ ਅਮਨ ਕਾਨੂੰਨ ਦੀ ਸਥਿਤੀ ਸੰਬੰਧੀ ਡੀ ਜੀ ਪੀ ਪੰਜਾਬ ਗੌਰਵ ਯਾਦਵ ਨਾਲ ਸਮੀਖਿਆ ਮੀਟਿੰਗ ਕੀਤੀ।ਸੰਧਵਾਂ ਨੇ ਡੀ ਜੀਪੀ ਤੋਂ ਜ਼ਿਲ੍ਹਾ ਫਰੀਦਕੋਟ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਚ ਪੁਲਸ ਪ੍ਰਬੰਧਾਂ ਦੀ ਜਾਣਕਾਰੀ ਲੈਣ ਮਗਰੋਂ ਕਿਹਾ ਕਿ ਜ਼ਿਲ੍ਹੇ ਵਿੱਚ ਪੁਲਸ ਗਸ਼ਤ ਤੇਜ ਕਰਨ, ਨਾਕਾਬੰਦੀ ਵਧਾਉਣ ਅਤੇ ਸ਼ੱਕੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ। ਸ੍ਰੀ ਸੰਧਵਾਂ ਨੇ ਕਿਹਾ ਕਿ ਪਿਛਲੇ ਦਿਨੀਂ ਫਰੀਦਕੋਟ ਜ਼ਿਲ੍ਹੇ ਅੰਦਰ ਰਾਹਗੀਰਾਂ ਨੂੰ ਲੁੱਟਣ ਦੀਆਂ ਕੁਝ ਘਟਨਾਵਾਂ ਵਾਪਰੀਆਂ ਹਨ।ਉਨ੍ਹਾਂ ਪੁਲਸ ਮੁਖੀ ਨੂੰ ਕਿਹਾ ਕਿ ਅਜਿਹੇ ਅਨਸਰਾਂ ਨੂੰ ਕਿਸੇ ਕੀਮਤ 'ਤੇ ਬਖ਼ਸ਼ਿਆ ਨਾ ਜਾਵੇ। ਸਪੀਕਰ ਸੰਧਵਾਂ ਨੇ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਚੰਗਾ ਪੁਲਸ ਪ੍ਰਬੰਧ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤੀ ਨਾਲ ਨਜਿੱਠਿਆ ਜਾਵੇਗਾ।ਇਸ ਮੌਕੇ ਪੰਜਾਬ ਪੁਲਸ ਮੁਖੀ ਗੌਰਵ ਯਾਦਵ ਨੇ ਕਿਹਾ ਕਿ ਜ਼ਿਲ੍ਹਾ ਫਰੀਦਕੋਟ ਸਮੇਤ ਪੰਜਾਬ ਭਰ 'ਚ ਅਮਨ ਕਾਨੂੰਨ ਦੀ ਸਥਿਤੀ ਵਿਗਾੜਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਵੱਲੋਂ ਚੋਰਾਂ, ਲੁਟੇਰਿਆਂ ਅਤੇ ਗੁੰਡਾ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠੇਗੀ।

ਸਰਦੀ ਦੇ ਮੌਸਮ ਨੂੰ ਦੇਖਦਿਆਂ ਬੇਸਹਾਰਾ ਗਊਆਂ ਨੂੰ ਗਊਸ਼ਾਲਾ ਭੇਜਿਆ ਜਾਵੇ : ਮੈਹਨ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਅੱਤ ਦੀ ਪੈ ਰਹੀ ਸਰਦੀ ਨੂੰ ਦੇਖਦਿਆਂ ਮੰਦਰ ਸ੍ਰੀ ਬਾਬਾ ਭੂਤਨਾਥ ਕਮੇਟੀ ਨੂਰਮਹਿਲ ਦੇ ਪ੍ਰਧਾਨ ਰਾਜ ਕੁਮਾਰ ਮੈਹਨ ਨੇ ਗਊਆਂ ਪ੍

30-DEC-PAGE-5.qxd 12/29/2023 9:54 PM Page 1

ਲੋਕ ਸੰਗਰਾਮ ਮੋਰਚਾ ਵੱਲੋਂ ਰੈਲੀ ਤੇ ਰੋਸ ਮੁਜ਼ਾਹਰਾ

ਮੋਗਾ (ਅਮਰਜੀਤ ਬੱਬਰੀ)-ਕੰਪੇਨ ਅਗੇਂਸਟ ਸਟੇਟ ਰੈਪਰੈਸ਼ਨ (ਸੀਏਐੱਸਆਰ) ਦੇ ਸੱਦੇ 'ਤੇ ਨੇਚਰ ਪਾਰਕ ਮੋਗਾ ਵਿਖੇ ਰੈਲੀ ਕੀਤੀ ਗਈ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਜਮਹੂਰੀ ਅਧਿਕਾਰ ਸਭਾ ਆਦਿ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ।ਰੈਲੀ ਨੂੰ ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ, ਸੁਖਮੰਦਰ ਸਿੰਘ ਜਨਰਲ ਸਕੱਤਰ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਸਿੰਘ ਲੱਖਾ, ਛਿੰਦਰ ਸਾਰੂਵਾਲਾ, ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ, ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਦੌਧਰ ਨੇ ਸੰਬੋਧਨ ਕੀਤਾ।19 ਦਸੰਬਰ ਨੂੰ ਦੋ ਧਮਾਕਾਕਾਰੀ ਬੀ ਜੇ ਪੀ ਦੇ ਐੱਮ ਪੀ ਦੀ ਸਿਫਾਰਸ਼ ਨਾਲ ਪਾਸ ਬਣਾ ਕੇ ਪਾਰਲੀਮੈਂਟ ਦੇ ਅੰਦਰ ਚਲੇ ਗਏ ਤੇ ਦੋ ਪਾਰਲੀਮੈਂਟ ਦੇ ਬਾਹਰ ਰਹੇ ਸਨ।ਉਨ੍ਹਾ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਰੰਗੀਨ ਧੂੰਏਂ ਵਾਲੇ ਪਟਾਕੇ ਚਲਾਏ ਤੇ ਨਾਹਰੇਬਾਜ਼ੀ ਕੀਤੀ।ਉਨ੍ਹਾਂ ਨੇ ਇਨਕਲਾਬ ਜ਼ਿੰਦਾਬਾਦ, ਭਾਰਤ ਮਾਤਾ ਦੀ ਜੈ ਦੇ ਨਾਹਰੇ ਲਗਾਏ ਤੇ ਬੇਰੁਜ਼ਗਾਰੀ, ਮਨੀਪੁਰ ਵਿੱਚ ਜਬਰ ਤੇ ਮੋਦੀ ਦੀ ਤਾਨਾਸ਼ਾਹੀ ਵਿਰੁੱਧ ਨਾਹਰਿਆਂ ਰਾਹੀ ਆਵਾਜ਼ ਉਠਾਈ।ਇਸ ਘਟਨਾ ਵਿੱਚ ਬੀਬੀ ਨੀਲਮ ਅਜ਼ਾਦ, ਅਮੋਲ ਛਿੰਦੇ, ਸਾਗਰ ਸ਼ਰਮਾ, ਮਨੋਰੰਜਨ ਡੀ, ਲਲਿਤ ਝਾਅ ਤੇ ਵਿਸ਼ਾਲ ਸ਼ਰਮਾ ਨੂੰ ਯੂ ਏ ਪੀ ਏ ਕਾਲਾ ਕਾਨੂੰਨ ਲਾ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ।ਸਾਰੇ ਆਗੂਆਂ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ 3 ਸਾਥੀ ਤਾਂ ਬਹੁਤ ਜ਼ਿਆਦਾ ਪੜ੍ਹੇ ਹੋਣ ਦੇ ਬਾਵਜੂਦ ਬੇਰੁਜ਼ਗਾਰ ਹਨ।

ਭਾਵੇਂ 19 ਦਸੰਬਰ ਵਾਲਾ ਦਿਨ ਪਾਰਲੀਮੈਂਟ 'ਤੇ ਹੋਏ ਅੱਤਵਾਦੀ ਹਮਲੇ ਨਾਲ ਮੇਲ ਖਾਂਦਾ ਹੈ, ਪਰ ਇਨ੍ਹਾਂ ਦਾ ਮਕਸਦ ਅੱਤਵਾਦੀ ਕਾਰਵਾਈ ਕਰਨਾ ਨਹੀਂ ਸੀ।ਉਨ੍ਹਾਂ ਦਾ ਮੁੱਖ ਮਕਸਦ ਬੇਰੁਜ਼ਗਾਰੀ ਬਾਰੇ ਅਵਾਜ਼ ਉਠਾਉਣਾ ਤੇ ਜਬਰ ਵਿਰੁੱਧ ਜਾਗਣ ਦਾ ਹੋਕਾ ਦੇਣਾ ਸੀ।ਇਹ ਇਨ੍ਹਾਂ ਨੇ ਭਗਤ ਸਿੰਘ ਵਾਂਗ ਰੋਸ ਕੀਤਾ ਹੈ।ਆਗੂਆਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਘਟਨਾ ਨੂੰ ਅੱਤਵਾਦੀ ਕਾਰਵਾਈ ਘੋਸ਼ਿਤ ਨਾ ਕੀਤਾ ਜਾਵੇ।ਇਨ੍ਹਾਂ ਨੌਜਵਾਨਾਂ 'ਤੇ ਯੂ ਏ ਪੀ ਏ ਵਰਗੀਆਂ ਲਾਈਆਂ ਸਖਤ ਧਰਾਵਾਂ ਵਾਪਸ ਲੈ ਕੇ ਰਿਹਾਅ ਕੀਤਾ ਜਾਵੇ।ਅਖੀਰ 'ਤੇ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ।

ਪੀ ਐੱਸ ਯੂ ਵੱਲੋਂ ਸਿੱਖਿਆ ਭਲਾਈ ਵਿਭਾਗ ਦੇ ਨਾਂਅ ਮੰਗ ਪੱਤਰ

ਸਕਾਲਰਸ਼ਿਪ ਸਕੀਮ ਦੀ ਤਰੀਕ ਅੱਗੇ ਵਧਾਉਣ ਦੀ ਅਪੀਲ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਐੱਸ ਸੀ ਵਿਦਿਆਰਥੀਆਂ ਲਈ ਡਾ. ਬੀ ਆਰ ਅੰਬੇਡਕਰ ਸਕਾਲਰਸ਼ਿਪ ਸਕੀਮ ਅਪਲਾਈ ਕਰਨ ਲਈ ਤਾਰੀਕ ਅੱਗੇ ਵਧਾਉਣ ਸਬੰਧੀ ਸਿੱਖਿਆ ਭਲਾਈ ਵਿਭਾਗ ਦੇ ਨਾਮ ਮੰਗ ਪੱਤਰ ਨਾਇਬ ਤਹਿਸੀਲਦਾਰ ਪਾਤੜਾਂ ਕਰਮਜੀਤ ਸਿੰਘ ਨੂੰ ਸੌਂਪਿਆ ਗਿਆ। ਵਫਦ ਦੀ ਅਗਵਾਈ ਕਰ ਰਹੇ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਨਾਈਵਾਲਾ, ਕਿਰਤੀ ਕਾਲਜ ਇਕਾਈ ਦੇ ਮੀਤ ਪ੍ਰਧਾਨ ਜਤਿੰਦਰ ਕੌਰ ਨੇ ਦੱਸਿਆ ਕਿ ਇਸ ਸਾਲ ਸੈਸ਼ਨ 2023-24 ਦੌਰਾਨ ਐੱਸ ਸੀ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਡਾ. ਬੀ ਆਰ ਅੰਬੇਡਕਰ ਸਕਾਲਰਸ਼ਿਪ ਸਕੀਮ ਦਾ ਪੋਰਟਲ ਸਿੱਖਿਆ ਭਲਾਈ ਵਿਭਾਗ ਵੱਲੋਂ ਬਹੁਤ ਹੀ ਜ਼ਿਆਦਾ ਲੇਟ ਖੋਲ੍ਹਿਆ ਗਿਆ ਹੈ ਤੇ ਇਹ ਪੋਰਟਲ ਜਾਣ ਬੁੱਝ ਕੇ ਵਿਦਿਆਰਥੀਆਂ ਦੇ ਜਿਸ ਮਹੀਨੇ (ਦਸੰਬਰ) ਫਾਈਨਲ ਪੇਪਰ ਹੁੰਦੇ ਹਨ, ਉਸ ਮਹੀਨੇ ਹੀ ਖੋਲ੍ਹਿਆ ਗਿਆ ਹੈ ਤਾਂ ਜੋ ਵਿਦਿਆਰਥੀ ਨਾ ਤਾਂ ਸਹੀ ਤਰੀਕੇ ਨਾਲ ਪੇਪਰ ਦੇ ਸਕਣ ਤੇ ਨਾ ਹੀ ਸਹੀ ਤਰੀਕੇ ਨਾਲ ਸਕਾਲਰਸ਼ਿਪ ਅਪਲਾਈ ਕਰ ਸਕਣ, ਕਿਉਂਕਿ ਪਿਛਲੇ ਸਾਲਾਂ ਦੌਰਾਨ ਇਹ ਸਕਾਲਰਸ਼ਿਪ ਵਿਦਿਆਰਥੀਆਂ ਦੇ ਪੇਪਰਾਂ ਤੋਂ ਇੱਕ ਮਹੀਨੇ ਪਹਿਲਾਂ ਹੀ ਅਪਲਾਈ ਕਰਵਾ ਕੇ ਤੇ ਵਿਦਿਆਰਥੀਆਂ ਤੋਂ ਲੋੜੀਂਦੇ ਕਾਗਜ਼ ਪੱਤਰ ਲੈ ਕੇ ਸਾਰਾ ਕੰਮ ਨਬੇੜ ਲਿਆ ਜਾਂਦਾ ਸੀ, ਪਰ ਇਸ ਸਾਲ ਸਿੱਖਿਆ ਭਲਾਈ ਵਿਭਾਗ ਤੇ ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਜਾਣ ਬੁੱਝ ਕੇ ਵਿਦਿਆਰਥੀਆਂ ਨੂੰ ਖਜਲ ਖੁਆਰ ਕਰਨ ਲਈ ਅਣਗਿਹਲੀ ਵਰਤੀ ਹੈ। ਆਗੂਆਂ ਨੇ ਦੱਸਿਆ ਕਿ ਹੁਣ ਪੂਰੇ ਸੂਬੇ 'ਚ ਠੰਡ ਦੇ ਮੱਦੇਨਜ਼ਰ ਸਾਰੀਆਂ ਵਿੱਦਿਅਕ ਸੰਸਥਾਵਾਂ 'ਚ 8 ਜਨਵਰੀ ਤੱਕ ਛੁੱਟੀਆਂ ਚੱਲ ਰਹੀਆਂ ਹਨ ਤੇ ਦੂਜੇ ਪਾਸੇ ਇਹ ਸਕਾਲਰਸ਼ਿਪ ਲਈ ਆਖਰੀ ਤਰੀਕ 8 ਜਨਵਰੀ ਰੱਖੀ ਗਈ ਹੈ, ਜਿਸ ਕਾਰਨ ਐੱਸ ਸੀ ਵਿਦਿਆਰਥੀਆਂ ਲਈ ਇੱਕ ਵੱਡੀ ਸਮੱਸਿਆ ਖੜੀ ਹ�ो ਗਈ ਹੈ ਕਿ ਉਹ ਛੁੱਟੀਆਂ ਵਿੱਚ ਆਪਣੀਆਂ ਸਕਾਲਰਸ਼ਿਪ ਫਾਈਲਾਂ ਕਾਲਜਾਂ ਵਿੱਚ ਕਿਵੇਂ ਜਮ੍ਹਾਂ ਕਰਵਾਉਣ। ਉਨ੍ਹਾਂ ਮੰਗ ਕੀਤੀ ਕਿ ਸਿੱਖਿਆ ਭਲਾਈ ਵਿਭਾਗ ਜਲਦੀ ਤੋਂ ਜਲਦੀ ਸਕਾਲਰਸ਼ਿਪ ਲਈ ਤਰੀਕ ਅੱਗੇ ਵਧਾਉਣ ਦਾ ਨੋਟਿਸ ਜਾਰੀ ਕਰੇ ਤੇ ਜਿਹੜੇ ਵਿਦਿਆਰਥੀਆਂ ਦੇ ਤਕਨੀਕੀ ਕਾਰਨਾਂ ਕਰਕੇ ਅਪਲਾਈ ਦਾ ਆਪਸ਼ਨ ਹੀ ਨਹੀਂ ਆ ਰਿਹਾ, ਉਸ ਸਮੱਸਿਆ ਦਾ ਵੀ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ। ਇਸ ਮੌਕੇ ਕਾਲਜ ਕਮੇਟੀ ਮੈਂਬਰ ਜੋਤੀ, ਜਸਪਾਲ ਕੌਰ, ਪਰਗਟ ਸਾਦੀਹਰੀ ਤੇ ਗੁਰਦੀਪ ਕਲਵਾਨੂੰ ਹਾਜ਼ਰ ਸਨ।

ਸ਼ਹੀਦੀ ਜੋੜ ਮੇਲ ਮੌਕੇ ਐੱਸ ਐੱਸ ਪੀ ਦੀ ਅਗਵਾਈ 'ਚ ਕੀਤੇ ਪ੍ਰਬੰਧਾਂ ਦੀ ਸ਼ਲਾਘਾ

ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ)-ਸ੍ਰੀ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲ ਮੌਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਨੂੰ ਨਤਮਸਤਕ ਹੋਣ ਲਈ ਲੱਖਾਂ ਹੀ ਸ਼ਰਧਾਲੂ ਪਹੁੰਚੇ, ਜਿਸ ਨੂੰ ਦੇਖਦਿਆਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਐੱਸ ਐੱਸ ਪੀ ਡਾ. ਰਵਜੋਤ ਕੌਰ ਗਰੇਵਾਲ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਸੰਗਤਾਂ ਸ਼ਲਾਘਾ ਕਰਦੀਆਂ ਦੇਖੀਆਂ ਗਈਆਂ। ਇਸ ਮੌਕੇ ਪਹੁੰਚੀਆਂ ਸੰਗਤਾਂ ਨੇ ਕਿਹਾ ਕਿ ਪੁਲਸ ਵੱਲੋਂ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖੀ ਗਈ ਹੈ, ਉਥੇ ਹੀ ਲੋਕਾਂ ਦੀ ਸੁਰੱਖਿਆ ਵੀ ਪਹਿਲ ਦੇ ਆਧਾਰ 'ਤੇ ਕੀਤੀ ਹੈ ਤੇ ਤਨਦੇਹੀ ਨਾਲ ਨਿਭਾਈ ਗਈ ਡਿਊਟੀ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਦੇਖਿਆ ਗਿਆ ਹੈ ਕਿ ਜਿੱਥੇ ਵੱਡੀ ਗਿਣਤੀ ਲੋਕਾਂ ਦੀ ਸੁਰੱਖਿਆ ਲਈ ਪੁਲਸ ਤੈਨਾਤ ਰਹੀ, ਉਥੇ ਹੀ ਐਸ ਐਸ ਪੀ ਆਪ ਵੀ ਸਮੇਂ ਸਮੇਂ ਉਪਰ ਜਾਇਜ਼ਾ ਲੈਂਦੇ ਰਹੇ, ਜਿਸ ਕਰਕੇ ਸੰਗਤਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਨਹੀਂ ਆਈ ਅਤੇ ਨਿਭਾਈ ਗਈ ਡਿਊਟੀ ਵੀ ਬਹੁਤ ਵੱਡੀ ਸੇਵਾ ਹੈ। ਉਨ੍ਹਾਂ ਕਿਹਾ ਕਿ ਲੱਖਾਂ ਦੀ ਗਿਣਤੀ ਦੇਸ਼ਾਂ ਵਿਦੇਸ਼ਾਂ ਤੋਂ ਪਹੁੰਚੀਆਂ ਸੰਗਤਾਂ ਨੇ ਸ਼ਰਧਾ ਨਾਲ ਮੱਥਾ ਟੇਕਿਆ ਗਿਆ।

AXIS BANK LTD.

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਰਿਟੇਲ ਐਸੱਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਕਾਰਪੋਰੇਟ ਦਫਤਰ : 'ਐਕਸਿਸ ਹਾਊਸ' ਬਲਾਕ-ਬੀ, ਬੰਬੇ ਡਾਈਡ ਮਿਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025 ਦੂਜੀ ਮੰਜ਼ਲ, ਜਾਇਦਾਦ # 7-ਏ, ਮਿਉਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਰਜਿਸਟਰਡ ਦਫਤਰ : 'ਤ੍ਰਿਸ਼ੂਲ' ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

ਲੜੀ ਨੰ.	ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ	ਗਹਿਣੇ ਰੱਖੀ ਜਾਇਦਾਦ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਡਿਮਾਂਡ ਨੋਟਿਸ 'ਚ ਰਕਮ (ਰੁਪਏ)
1	1. ਸ੍ਰੀ ਸ਼ੈਲੇਂਦਰ ਕੁਮਾਰ ਕਾਲੀਆ ਪੁੱਤਰ ਸ੍ਰੀ ਰਵੀ ਪ੍ਰਕਾਸ਼ ਕਾਲੀਆ ਅਤੇ 2 ਸ੍ਰੀ ਵਿਮਲ ਕੁਮਾਰ ਪੁੱਤਰ ਸ੍ਰੀ ਰਵੀ ਪ੍ਰਕਾਸ਼ ਦੋਵੇਂ ਵਾਸੀ # 19-20 ਕੈਲਾਸ਼ ਨਗਰ, ਨੇੜੇ ਜੇ ਐੱਮ ਪੀ ਫੈਕਟਰੀ ਸੋਢਲ ਰੋਡ ਜਲੰਧਰ, ਪੰਜਾਬ-144004, ਨਾਲ ਹੀ : ਜਾਇਦਾਦ ਜਿਸ ਦਾ ਖੱਤਾ ਨੰਬਰ 5015/5991, 5016/5992 ਖਸਰਾ ਨੰਬਰ 11881, 11883, 11885, 29363/11884 ਮਿਨ ਜੋ ਕਿ ਟਰਾਂਸਪੋਰਟ ਨਗਰ ਰੋਡ ਜਲੰਧਰ, ਪੰਜਾਬ-144001 ਵਿਖੇ ਸਥਿਤ, ਨਾਲ ਹੀ ਸ੍ਰੀ ਸ਼ੈਲੇਂਦਰ ਕੁਮਾਰ ਕਾਲੀਆ ਪੁੱਤਰ ਰਵੀ ਪ੍ਰਕਾਸ਼ ਪ੍ਰੋਪਰਾਈਟਰ ਮੈਸਰਜ਼ ਜੇ ਐੱਮ ਸੀ ਫਿਲਿੰਗ ਸਟੇਸ਼ਨ, ਪ੍ਰੀਤ ਨਗਰ ਸੋਢਲ ਰੋਡ ਜਲੰਧਰ ਸਿਟੀ ਪੰਜਾਬ- 144001 ਕਰਜਾ ਖਾਤਾ ਨੰਬਰ : 916030029778109	1. ਸ੍ਰੀ ਸ਼ੈਲੇਂਦਰ ਕੁਮਾਰ ਕਾਲੀਆ ਪੁੱਤਰ ਸ੍ਰੀ ਰਵੀ ਪ੍ਰਕਾਸ਼ ਕਾਲੀਆ ਅਤੇ ਸ੍ਰੀ ਵਿਮਲ ਕੁਮਾਰ ਪੁੱਤਰ ਸ੍ਰੀ ਰਵੀ ਪ੍ਰਕਾਸ਼ ਕਾਲੀਆ ਦੋਵੇਂ ਵਾਸੀ # 19-20 ਕੈਲਾਸ਼ ਨਗਰ, ਨੇੜੇ ਜੇ ਐੱਮ ਪੀ ਫੈਕਟਰੀ ਸੋਢਲ ਰੋਡ ਜਲੰਧਰ, ਪੰਜਾਬ-144004, ਨਾਲ ਹੀ : ਜਾਇਦਾਦ ਜਿਸ ਦਾ ਖੱਤਾ ਨੰਬਰ 5015/5991, 5016/5992 ਖਸਰਾ ਨੰਬਰ 11881, 11883, 11885, 29363/11884 ਮਿਨ ਜੋ ਕਿ ਟਰਾਂਸਪੋਰਟ ਨਗਰ ਰੋਡ ਜਲੰਧਰ, ਪੰਜਾਬ-144001 ਵਿਖੇ ਸਥਿਤ, ਨਾਲ ਹੀ ਸ੍ਰੀ ਸ਼ੈਲੇਂਦਰ ਕੁਮਾਰ ਕਾਲੀਆ ਪੁੱਤਰ ਰਵੀ ਪ੍ਰਕਾਸ਼ ਪ੍ਰੋਪਰਾਈਟਰ ਮੈਸਰਜ਼ ਜੇ ਐੱਮ ਸੀ ਫਿਲਿੰਗ ਸਟੇਸ਼ਨ, ਪ੍ਰੀਤ ਨਗਰ ਸੋਢਲ ਰੋਡ ਜਲੰਧਰ ਸਿਟੀ ਪੰਜਾਬ- 144001 ਕਰਜਾ ਖਾਤਾ ਨੰਬਰ : 916030029778109	02 ਦਸੰਬਰ 2021	26 ਦਸੰਬਰ 2023	ਰੁਪਏ 38,15,710/- ਅਠੱਤੀ ਲੱਖ ਪੰਦਰਾਂ ਹਜ਼ਾਰ ਸੱਤ ਸੌ ਦਸ ਰੁਪਏ ਕੇਵਲ)
2	1. ਸ੍ਰੀ ਬ੍ਰਾਮ ਲਾਲ ਪੁੱਤਰ ਬੋਰੂ ਰਾਮ (ਰਾਹੀਂ ਕਾਨੂੰਨੀ ਵਾਰਿਸ) ਮਕਾਨ ਨੰਬਰ 12 ਬੇਰ ਸਿੰਘ ਕਲੋਨੀ ਗੁਰੂ ਰਵੀਦਾਸ ਇਨਕਲੇਵ ਜ਼ਿਲ੍ਹਾ ਜਲੰਧਰ -144001, ਨਾਲ ਹੀ : ਮਕਾਨ ਨੰਬਰ 34 ਨਾਹਲਾਂ ਪੁੱਲ ਦਾਨਿਸ਼ਮੰਦਾਂ ਰਾਮ ਵਿਹਾਰ ਜ਼ਿਲ੍ਹਾ ਜਲੰਧਰ-144002, ਨਾਲ ਹੀ : ਮਕਾਨ ਨੰਬਰ 143 ਅਨੂਪ ਨਗਰ ਬਸਤੀ ਦਾਨਿਸ਼ਮੰਦਾਂ ਤਹਿਸੀਲ ਤੇ ਜ਼ਿਲ੍ਹਾ ਜਲੰਧਰ 2 ਸ੍ਰੀਮਤੀ ਸੋਨੀਆ ਪਤਨੀ ਬ੍ਰਾਮ ਲਾਲ ਮਕਾਨ ਨੰਬਰ 12 ਬੇਰ ਸਿੰਘ ਕਲੋਨੀ ਗੁਰੂ ਰਵੀਦਾਸ ਇਨਕਲੇਵ ਜ਼ਿਲ੍ਹਾ ਜਲੰਧਰ - 144001, ਨਾਲ ਹੀ : ਮਕਾਨ ਨੰਬਰ 34 ਨਾਹਲਾਂ ਪੁਲ ਦਾਨਿਸ਼ਮੰਦਾਂ ਰਾਮ ਵਿਹਾਰ ਜ਼ਿਲ੍ਹਾ ਜਲੰਧਰ-144002, ਨਾਲ ਹੀ : ਮਕਾਨ ਨੰਬਰ 143 ਅਨੂਪ ਨਗਰ ਬਸਤੀ ਦਾਨਿਸ਼ਮੰਦਾਂ ਤਹਿਸੀਲ ਤੇ ਜ਼ਿਲ੍ਹਾ ਜਲੰਧਰ ਕਰਜਾ ਖਾਤਾ ਨੰਬਰ : ਪੀ ਐੱਚ ਆਰ 015505608815	ਸ੍ਰੀਮਤੀ ਸੋਨੀਆ ਪਤਨੀ ਬ੍ਰਾਮ ਲਾਲ ਦੇ ਨਾਂਅ ਦਰਜ ਰਿਹਾਇਸ਼ੀ ਜਾਇਦਾਦ/ ਮਕਾਨ ਨੰ. 143 ਰਕਬਾ 02 ਮਰਲੇ, ਖੇਵਟ/ਖਤੌਨੀ ਨੰ. 226/243 ਖਸਰਾ ਨੰ. 139, 140, 141, 142, 143, 152, ਜਮ੍ਹਾਂਬੰਦੀ ਸਾਲ 2017-2018, ਹੱਦਬਸਤ ਨੰ. 312, ਅਨੂਪ ਨਗਰ, ਬਸਤੀ ਦਾਨਿਸ਼ਮੰਦਾਂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਵਿੱਕਰੀ ਡੀਡ ਦਸਤਾਵੇਜ਼ ਨੰ. 2020-21/187/1/6500 ਮਿਤੀ 07 ਜਨਵਰੀ 2021 ਹੱਦਾਂ (ਦਸਤਾਵੇਜ ਅਨੁਸਾਰ) ਪੂਰਬ : ਬਾਕੀ ਹਿੱਸਾ, ਪੱਛਮ : ਸੜਕ, ਉੱਤਰ : ਸੜਕ, ਦੱਖਣ : ਮਕਾਨ ਨੰ. 144	21 ਫਰਵਰੀ 2023	26 ਦਸੰਬਰ 2023	ਰੁਪਏ 16,12,398/- (ਸੋਲਾਂ ਲੱਖ ਬਾਰਾਂ ਹਜ਼ਾਰ ਤਿੰਨ ਸੌ ਅਠੰਨਵੇਂ ਰੁਪਏ ਕੇਵਲ)
3	1 ਸ੍ਰੀ ਦਲਜਿੰਦਰ ਕੁਮਾਰ ਪੁੱਤਰ ਕਿਸ਼ਨ ਲਾਲ ਅਤੇ 2 ਸ੍ਰੀ ਰਮੇਸ਼ ਕੁਮਾਰ ਪੁੱਤਰ ਕਿਸ਼ਨ ਲਾਲ ਦੋਵੇਂ ਵਾਸੀ ਮਕਾਨ ਨੰਬਰ 395 ਬਸਤਪੁਰਾ ਮੁਹੱਲਾ ਤਹਿਸੀਲ ਨਾਭਾ ਜ਼ਿਲ੍ਹਾਂ ਪਟਿਆਲਾ -147201, ਨਾਲ ਹੀ : ਦੁਕਾਨ ਨੰਬਰ 456/1083 ਏ, ਵਾਰਡ ਨੰਬਰ 6 ਮੇਹਸ ਗੇਟ ਨਾਭਾ, ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ -147201 ਨਾਲ ਹੀ : ਸ੍ਰੀ ਦਲਜਿੰਦਰ ਕੁਮਾਰ ਪੁੱਤਰ ਕਿਸ਼ਨ ਲਾਲ ਪ੍ਰੋਪਰਾਈਟਰ ਮੈਸਰਜ਼ ਗਨਪਤੀ ਫਿਲਿੰਗ ਸਟੇਸ਼ਨ ਸਰਕੂਲਰ ਰੋਡ ਨੇੜੇ ਸਰਬਪ੍ਰਿਆ ਹੋਟਲ ਤਹਿਸੀਲ ਨਾਭਾ ਜ਼ਿਲ੍ਹਾ

30-Dec-PAGE-11.qxd 12/29/2023 10:08 PM Page 1

ਔਰਤ ਤੋਂ ਮੋਬਾਇਲ ਖੋਹਣ ਵਾਲੇ 2 ਲੁਟੇਰੇ ਪੁਲਸ ਅੜਿੱਕੇ

ਗੁਰਦਾਸਪੁਰ, (ਦਿਨੇਸ਼ ਕੁਮਾਰ)

ਬੀਤੇ ਦਿਨੀਂ ਪੁਲਸ ਸਟੇਸ਼ਨ ਦੋਰਾਂਗਲਾ ਅਧੀਨ ਆਉਂਦੇ ਪਿੰਡ ਤਾਜਪੁਰ ਕੋਲ ਇਕ ਮੋਟਰਸਾਈਕਲ 'ਤੇ ਭੈਣ ਭਰਾ ਸਵਾਰ ਹੋ ਕੇ ਘਰ ਨੂੰ ਜਾ ਰਹੀ ਸੀ ਕਿ ਅਚਾਨਕ ਕਿਸੇ ਦੇ ਫੋਨ ਆਉਣ ਕਾਰਨ ਗੱਲ ਕਰ ਰਹੀ ਕੁੜੀ ਕੋਲੋਂ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਲੁਟੇਰਿਆਂ ਵੱਲੋਂ ਝਪਟ ਮਾਰ ਕੇ ਮੋਬਾਇਲ ਫੋਨ ਖੋਹ ਕੇ ਫਰਾਰ ਹੋਣ ਦੀ ਖਬਰ ਮਿਲੀ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਪੁਲਸ ਨੂੰ ਸੁਨੀਲ ਕੁਮਾਰ ਪੁੱਤਰ ਮੱਖਣ ਲਾਲ ਵਾਸੀ ਸਾਹਪੁਰ ਅਫਗਾਨਾਂ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਮੈਂ ਤੇ ਮੇਰੀ ਭੈਣ ਅੰਜੂ ਬਾਲਾ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਅੱਡਾ ਗਾਹਲੜੀ ਤੋਂ ਆਪਣੇ ਘਰ ਨੂੰ ਜਾ ਰਹੇ ਸੀ ਅਤੇ ਮੋਟਰਸਾਈਕਲ ਤੇ ਚਲਦੇ ਮੇਰੀ ਭੈਣ ਆਪਣੇ ਮੋਬਾਇਲ ਫੋਨ 'ਤੇ ਗੱਲ ਕਰ ਰਹੀ ਸੀ। ਜਦ ਪਿੰਡ ਤਾਜਪੁਰ ਸਕੂਲ ਨੇੜੇ ਪੁੱਜੇ ਤਾਂ ਪਿੱਛੋਂ ਤੋਂ ਇੱਕ ਪਲਸਰ ਮੋਟਰਸਾਈਕਲ 'ਤੇ 2 ਅਣਪਛਾਤੇ ਵਿਅਕਤੀ ਆਏ ਅਤੇ ਆਪਣਾ ਮੋਟਰਸਾਈਕਲ ਸਾਡੇ ਮੋਟਰਸਾਈਕਲ ਦੇ ਬਰਾਬਰ ਕਰ ਕੇ ਫੋਨ ਖੋਹ ਕੇ ਫਰਾਰ ਹੋ ਗਏ। ਥਾਣਾ ਮੁਖੀ ਦੋਰਾਂਗਲਾ ਜਤਿੰਦਰ ਪਾਲ ਸਿੰਘ ਵੱਲੋਂ ਪੂਰੀ ਹਰਕਤ ਵਿੱਚ ਆਉਂਦੇ ਹੋਏ ਅੱਜ ਪਲਸਰ ਮੋਟਰਸਾਈਕਲ ਸਮੇਤ 2 ਲੁਟੇਰਿਆਂ ਨੂੰ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣਾ ਮੁਖੀ ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਨੂੰ ਕਾਬੂ ਕਰਕੇ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਇਨ੍ਹਾਂ ਮੰਨਿਆ ਕਿ ਇਹ ਲੁੱਟ-ਖੋਹ ਅਸੀਂ ਕੀਤੀ ਹੈ। ਪੁਲਸ ਮੁਤਾਬਕ ਦੋਸ਼ੀਆਂ ਦੀ ਪਛਾਣ ਰਾਜਨਦੀਪ ਸਿੰਘ ਰਾਜਾ ਵਾਸੀ ਗਾਹਲੜੀ ਤੇ ਹਰਪ੍ਰੀਤ ਸਿੰਘ ਹੈਪੀ ਵਾਸੀ ਸ਼ਾਹਪੁਰ ਅਫਗਾਨਾਂ ਵਜੋਂ ਦੱਸੀ ਗਈ ਹੈ। ਪੁਲਸ ਨੇ ਇਨ੍ਹਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਘਰ 'ਚ ਦਾਖਲ ਹੋ ਕੇ ਭੰਨ-ਤੋੜ ਤੇ ਹਵਾਈ ਫਾਇਰ ਕਰਨ ਦੇ ਦੋਸ਼ 'ਚ ਮੁਕੱਦਮਾ ਦਰਜ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪਿੰਡ ਦੀਨਪੁਰ ਵਿੱਚ ਨੂੰ ਰਾਤ ਸਮੇਂ ਇਕ ਘਰ ਵਿੱਚ ਦਾਖਲ ਹੋ ਕੇ ਭੰਨ-ਤੋੜ ਕਰਨ ਅਤੇ ਗਲੀ ਵਿੱਚ ਹਵਾਈ ਫਾਇਰ ਕਰਨ ਦੇ ਦੋਸ ਹੇਠ ਥਾਣਾ ਧਾਰੀਵਾਲ ਦੀ ਪੁਲਸ ਨੇ ਇਕ ਅਣਪਛਾਤੇ ਸਮੇਤ ਪੰਜ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਬੰਟੀ ਮਸੀਹ ਪੁੱਤਰ ਖੁਸ਼ੀਆ ਮਸੀਹ ਵਾਸੀ ਦੀਨਪੁਰ ਨੇ ਥਾਣਾ ਧਾਰੀਵਾਲ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਬੀਤੇ ਦਿਨ ਬੁੱਧਵਾਰ ਰਾਤ ਨੂੰ ਉਹ ਆਪਣੇ ਪਰਿਵਾਰ ਸਮੇਤ ਘਰ ਵਿੱਚ ਮੌਜੂਦ ਸੀ ਕਿ ਕਰਨ ਪੁੱਤਰ ਸੁਖਦੇਵ, ਨਿਸ਼ਾਨ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀਆਨ ਖੁੰਡਾ, ਮਨਦੀਪ ਮਸੀਹ ਪੁੱਤਰ ਪ੍ਰੇਮ ਮਸੀਹ ਵਾਸੀ ਸੁਜਾਨਪੁਰ, ਟਾਇਗਰ ਅਤੇ ਇੱਕ ਅਣਪਛਾਤੇ ਵਿਅਕਤੀ ਨੇ ਰਾਤ ਕਰੀਬ 9:15 ਵਜੇ ਆ ਕੇ ਉਸ (ਬੰਟੀ) ਦੇ ਘਰ ਦਾ ਗੇਟ ਖੜਕਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਸਦੀ ਪਤਨੀ ਤਮੰਨਾ ਨੇ ਗੇਟ ਖੋਲ੍ਹਿਆ ਤਾਂ ਇੱਕ ਕੋਲ ਪਿਸਟਲ ਸੀ ਅਤੇ ਬਾਕੀ ਸਾਰਿਆਂ ਨੇ ਦਾਤਰ ਫੜੇ ਹੋਏ ਸਨ। ਉਨ੍ਹਾਂ ਨੇ ਉਸਦੇ ਘਰ ਦੀ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀ। ਉਸ ਵੱਲੋਂ ਰੌਲਾ ਪਾਉਣ 'ਤੇ ਅਣਪਛਾਤੇ ਵਿਅਕਤੀਆਂ ਨੇ ਗਲੀ ਵਿੱਚ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿੱਤੇ ਅਤੇ ਲੋਕਾਂ ਨੂੰ ਇੱਕਠੇ ਹੁੰਦੇ ਵੇਖ ਕੇ ਉਹ ਮੌਕੇ ਤੋਂ ਦੌੜ ਗਏ। ਥਾਣਾ ਧਾਰੀਵਾਲ ਦੇ ਐੱਸਐੱਚਓ ਸਰਬਜੀਤ ਸਿੰਘ ਚਾਹਲ ਨੇ ਦੱਸਿਆ ਕਿ ਬੰਟੀ ਮਸੀਹ ਦੇ ਬਿਆਨਾਂ ਦੇ ਅਨੁਸਾਰ ਕਰਨ, ਨਿਸ਼ਾਨ ਸਿੰਘ ਵਾਸੀਆਨ ਖੁੰਡਾ, ਮਨਦੀਪ ਮਸੀਹ ਵਾਸੀ ਸੁਜਾਨਪੁਰ, ਟਾਇਗਰ ਅਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ਼ ਜੁਰਮ 452,336, 427, 148,149 ਭ.ਦ 25-54-59 ਆਰਮਜ਼ ਐਕਟ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

2 ਦੀ ਜੰਡਿਆਲਾ ਗੁਰੂ ਮਹਾਂ ਰੈਲੀ ਸਬੰਧੀ ਮੀਟਿੰਗਾਂ ਦਾ ਸਿਲਸਿਲਾ ਜਾਰੀ : ਹਰਪਾਲ ਸਰਾਵਾਂ

ਗੁਰਦਾਸਪੁਰ, (ਜਨਕ ਮਹਾਜਨ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਵੱਲੋਂ ਪਿੰਡ ਸਰਾਵਾਂ ਵਿੱਚ ਮੀਟਿੰਗ ਕੀਤੀ ਗਈ। ਕਿਸਾਨ ਆਗੂ ਟੀਮ ਦੀ ਰਹਿਨੁਮਾਈ ਹੇਠ ਚਲਦੇ ਜੋਨ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਤਨਾਮ ਸਿੰਘ ਖਜਾਨਚੀ, ਕਰਨੈਲ ਸਿੰਘ ਆਦੀ, ਨਰਿੰਦਰ ਸਿੰਘ ਆਲੀਨੰਗਲ, ਹਰਪਾਲ ਸਿੰਘ ਸਰਾਂਵਾਂ ਨੇ ਦੱਸਿਆ ਕਿ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਅਤੇ 2 ਜਨਵਰੀ 2024 ਜੰਡਿਆਲਾ ਗੁਰੂ ਦਾਣਾ ਮੰਡੀ ਵਿੱਚ ਇੱਕ ਮਹਾਂ ਰੈਲੀ ਕਰਵਾਈ ਜਾ ਰਹੀ ਹੈ ਜਿਸ ਵਿੱਚ ਕਾਰਪੋਰੇਟ ਘਰਾਣਿਆਂ ਅਤੇ ਮੋਦੀ ਸਰਕਾਰ ਵਿਰੁੱਧ ਤਿੱਖੇ ਐਕਸ਼ਨਾਂ ਦੀਆਂ ਤਿਆਰੀਆਂ ਕੀਤੀਆਂ ਜਾਣਗੀਆਂ ਕਿਉਂਕਿ ਮੋਦੀ ਸਰਕਾਰ ਆਪਣੇ ਦਿੱਲੀ ਅੰਦੋਲਨ ਦੁਰਾਨ ਕੀਤੇ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ। ਇਸ ਲਈ 2 ਜਨਵਰੀ ਤੇ 6 ਜਨਵਰੀ ਨੂੰ ਮਾਝੇ ਤੇ ਮਾਲਵੇ ਵਿੱਚ ਬਹੁਤ ਵੱਡੀਆਂ ਮਹਾਂ ਰੈਲੀਆਂ ਕਰਕੇ ਆਉਣ ਵਾਲੇ ਸਮੇਂ ਵਿੱਚ ਦਿੱਲੀ ਅੰਦੋਲਨ ਦੀਆਂ ਤਿਆਰੀਆਂ ਅਰੰਭ ਕਰ ਰਹੀਆਂ ਹਨ। ਇਸ ਮੌਕੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਵਲੋਂ ਕਾਰਪੋਰੇਟ ਘਰਾਣਿਆਂ ਤੇ ਮਾਈਕਰੋ ਫਾਈਨਾਂਸ ਬਾਰੇ ਸੰਗਤਾਂ ਨੂੰ ਬਹੁਤ ਵਧੀਆ ਤਰੀਕੇ ਨਾਲ ਜਾਣੂ ਕਰਵਾਇਆ।

ਕਣਕ ਦੇ ਖੇਤਾਂ 'ਚੋਂ ਲਾਵਾਰਸ ਮੋਟਰਸਾਈਕਲ ਬਰਾਮਦ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੁਲਸ ਥਾਣਾ ਡੇਰਾ ਬਾਬਾ ਨਾਨਕ ਅੰਦਰ ਪੈਂਦੇ ਪਿੰਡ ਸ਼ਾਹਪੁਰ ਜਾਜਨ ਦੇ ਕਣਕ ਦੇ ਖੇਤਾਂ ਵਿੱਚੋਂ ਡੇਰਾ ਬਾਬਾ ਨਾਨਕ ਪੁਲਸ ਨੇ ਇਕ ਲਾਵਾਰਸ ਸਪਲੈਂਡਰ ਮੋਟਰਸਾਈਕਲ ਬਰਾਮਦ ਕੀਤਾ ਹੈ। ਜਦ ਇਸ ਮੋਟਰਸਾਈਕਲ ਸਬੰਧੀ ਪਿੰਡ ਸ਼ਾਹਪੁਰ ਜਾਜਨ ਦੇ ਇੱਕ ਨੌਜਵਾਨ ਵੱਲੋਂ ਪੱਤਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਸਾਡੇ ਵੱਲੋਂ ਤੁਰੰਤ ਇਸ ਦੀ ਸੂਚਨਾ ਫੋਨ ਉੱਪਰ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸਐੱਚਓ ਬਿਕਰਮ ਸਿੰਘ ਨੂੰ ਦਿੱਤੀ ਗਈ ਜਿਨ੍ਹਾਂ ਵੱਲੋਂ ਪੁਲਸ ਪਾਰਟੀ ਭੇਜੀ ਗਈ। ਮੌਕੇ 'ਤੇ ਪੁਲਸ ਪਾਰਟੀ ਵੱਲੋਂ ਕਣਕ ਦੇ ਖੇਤਾਂ ਵਿੱਚ ਡਿੱਗਾ ਪਿਆ ਲਾਵਾਰਸ ਸਪਲੈਂਡਰ ਮੋਟਰਸਾਈਕਲ ਪੀਬੀ 10 ਡੀ ਈ 4090, ਇੱਕ ਮਰਦਾਨਾ ਬੂਟ, ਪੀਲੇ ਰੰਗ ਦਾ ਪਰਨਾ ਅਤੇ ਇੱਕ ਟੱਚ ਫੋਨ ਬਰਾਮਦ ਕੀਤਾ ਗਿਆ ਹੈ। ਇਸ ਸਬੰਧੀ ਜਦੋਂ ਸਾਡੇ ਵੱਲੋਂ ਐੱਸਐੱਚਓ ਬਿਕਰਮ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਇੱਕ ਲਾਵਾਰਸ ਮੋਟਰਸਾਈਕਲ ਅਤੇ ਕੁਝ ਸਾਮਾਨ ਬਰਾਮਦ ਹੋਇਆ ਹੈ। ਤਸਦੀਕ ਕਰਨ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਖਾਲੜਾ ਪੁਲਸ ਵੱਲੋਂ ਸਰਹੱਦ ਤੋਂ ਪਾਕਿ ਡਰੋਨ ਬਰਾਮਦ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਥਾਣਾ ਖਾਲੜਾ ਦੀ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਸਬ ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਅਤੇ ਥਾਣਾ ਮੁਖੀ ਇੰਸਪੈਕਟਰ ਬਲਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਰਾਜੋਕੇ ਦੇ ਖੇਤਾਂ ਵਿਚੋਂ ਪਾਕਿਸਤਾਨੀ ਡਰੋਨ ਨੂੰ ਬਰਾਮਦ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੀਆਂ ਡੀਐੱਸਪੀ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਖਾਲੜਾ ਪੁਲਸ ਦੀ ਟੀਮ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਮੱਸਾ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਪਿੰਡ ਰਾਜੋਕੇ ਦੇ ਖੇਤਾਂ ਵਿੱਚੋਂ ਇੱਕ ਡੀਜੀ ਮੈਟ੍ਰਿਕ ਕੁਆਡ ਕੈਪਟਰ ਪਾਕਿ ਡਰੋਨ ਡਿੱਗਾ ਹੋਇਆ ਹੈ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਬੀਐੱਸਐੱਫ ਦੀ 103 ਬਟਾਲੀਅਨ ਦੇ ਜਵਾਨਾਂ 'ਤੇ ਖਾਲੜਾ ਪੁਲਸ ਵੱਲੋਂ ਵਕਤ ਕਰੀਬ 11:30 ਵਜੇ ਚਲਾਏ ਸਰਚ ਅਪਰੇਸ਼ਨ ਦੌਰਾਨ ਪਿੰਡ ਰਾਜੋਕੇ ਦੇ ਖੇਤਾਂ ਵਿੱਚ ਡਿੱਗਾ ਹੋਇਆ ਪਾਕ ਡਰੋਨ ਬਰਾਮਦ ਕੀਤਾ ਗਿਆ ਹੈ। ਡੀਐੱਸਪੀ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਖਾਲੜਾ ਪੁਲਸ ਨੇ ਪਾਕਿ ਡਰੋਨ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਮੁਕੱਦਮਾ ਨੰ.155 ਮਿਤੀ 23/12/2023 ਅਧੀਨ 10,11,12 ਏਅਰ ਕਰਾਫਟ 1934 ਦਰਜ ਕਰ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਔਰਤ ਕੋਲੋਂ 7500 ਐੱਮ ਐੱਲ ਨਾਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਬਹਿਰਾਮਪੁਰ ਪੁਲਸ ਨੇ 7500 ਐੱਮ. ਐੱਲ. ਨਾਜਾਇਜ਼ ਸ਼ਰਾਬ ਸਮੇਤ ਇਕ ਔਰਤ ਨੂੰ ਗ੍ਰਿਫਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਬਹਿਰਾਮਪੁਰ ਪੁਲਿਸ ਦੇ ਏ. ਐੱਸ. ਆਈ. ਕਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਲੇਡੀਜ਼ ਮੁਲਾਜ਼ਮ ਭੁਪਿੰਦਰ ਕੌਰ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਮੁੱਖਬਰ ਖਾਸ ਦੀ ਇਤਲਾਹ 'ਤੇ ਦੋਸ਼ਣ ਔਰਤ ਵਾਸੀ ਝਬਕਰਾ ਦੇ ਘਰ ਰੇਡ ਕਰਕੇ 7500 ਐੱਮ. ਐੱਲ. ਸ਼ਰਾਬ ਨਾਜਾਇਜ਼ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਔਰਤ ਖ਼ਿਲਾਫ਼ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਅੱਡਾ ਝਬਾਲ ਵਿਖੇ ਦੁੱਧ ਦਾ ਲੰਗਰ ਲਗਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਅੱਡਾ ਝਬਾਲ ਵਿਖੇ ਚੌਕ ਵਿੱਚ ਕਸ਼ਯਪ ਰਾਜਪੂਤ ਮਹਾਂਸਭਾ ਸੇਵਾ ਸੁਸਾਇਟੀ ਝਬਾਲ ਅਤੇ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਮੋਤੀ ਰਾਮ ਮਹਿਰਾ ਜੀ, ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤਰੇ, ਰਸ, ਬਿਸਕੁੱਟ, ਬ੍ਰੈਡ, ਦੁੱਧ ਅਤੇ ਸਬਜ਼ੀ ਪ੍ਰਸ਼ਾਦੇ ਦੇ ਲੰਗਰ ਅਟੁੱਟ ਵਰਤਾਏ ਗਏ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਜਦੋਂ ਮੋਰਿੰਡਾ ਦੇ ਕੋਤਵਾਲ ਨੇ ਗੰਗੂ ਬ੍ਰਾਹਮਣ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕਰਕੇ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਅੱਗੇ ਪੇਸ਼ ਕੀਤਾ ਤਾਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿੱਚ ਕੈਦ ਰੱਖਿਆ ਗਿਆ ਸੀ। ਉਸ ਸਮੇਂ ਬਾਬਾ ਮੋਤੀ ਰਾਮ ਮਹਿਰਾ ਜੀ ਛੋਟੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿੱਚ ਅਹਿਲਕਾਰਾਂ ਨੂੰ ਰਿਸ਼ਵਤ ਦੇ ਕੇ ਦੁੱਧ ਪਿਲਾਉਣ ਜਾਂਦੇ ਸਨ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਅੱਜ ਥਾਂ ਥਾਂ ਦੁੱਧ ਦੇ ਲੰਗਰ ਲਗਾਏ ਜਾਂਦੇ ਹਨ। ਇਸ ਮੌਕੇ ਪ੍ਰਧਾਨ ਚਾਚਾ ਜਗਤਾਰ ਸਿੰਘ, ਜਸਪਾਲ ਸਿੰਘ, ਭੋਲਾ ਹੀਰਾਪੁਰ, ਗੁਰਲਾਲ ਸਿੰਘ, ਨਿਰਵੈਰ ਸਿੰਘ, ਹਰਭਜਨ ਸਿੰਘ, ਮਨਜੀਤ ਸਿੰਘ ਠੇਕੇਦਾਰ, ਸੇਵਾਦਾਰ ਰਛਪਾਲ ਸਿੰਘ, ਲਖਵਿੰਦਰ ਸਿੰਘ, ਸੁਖਦੇਵ ਸਿੰਘ, ਸਰਵਨ ਸਿੰਘ, ਗੁਰਦੇਵ ਸਿੰਘ ਠੱਠਾ, ਕਰਨ ਸੀਟ ਕਵਰ, ਸੋਨੂੰ ਜੂਸ ਵਾਲਾ, ਛੱਜੂ ਬਰਤਨ ਸਟੋਰ ਆਦਿ ਸੇਵਾਦਾਰ ਹਾਜ਼ਰ ਸਨ।

ਘਰ 'ਚੋਂ 80 ਹਜ਼ਾਰ ਨਕਦੀ ਅਤੇ ਦੋ ਤੋਲੇ ਸੋਨਾ ਚੋਰੀ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਸ ਨੇ 80 ਹਜ਼ਾਰ ਰੁਪਏ ਦੀ ਨਕਦੀ ਅਤੇ ਦੋ ਤੋਲੇ ਸੋਨਾ ਚੋਰੀ ਹੋਣ 'ਤੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਦੀਨਾਨਗਰ ਪੁਲਸ ਦੇ ਏਐੱਸਆਈ ਸੁਰਜੀਤ ਸਿੰਘ ਨੇ ਦੱਸਿਆ ਕਿ ਜਤਿਨ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਦੀਨਾਨਗਰ ਨੇ ਕਿਹਾ ਕਿ ਮੈਂ ਰੋਜ਼ ਦੀ ਤਰ੍ਹਾਂ ਆਪਣੇ ਕੰਮ 'ਤੇ ਰਜਿੰਦਰਾ ਮੈਡੀਕਲ ਸਟੋਰ ਦੀਨਾਨਗਰ ਗਿਆ ਸੀ ਕਿ ਮੇਰੀ ਪਤਨੀ ਅਤੇ ਮਾਤਾ ਬਾਜ਼ਾਰ ਨਿੱਜੀ ਕੰਮ ਲਈ ਗਈਆਂ ਹੋਈਆਂ ਸੀ। ਉਸ ਨੇ ਦੱਸਿਆ ਵਕਤ ਕਰੀਬ ਸ਼ਾਮ 4.45 ਵਜੇ ਜਦ ਉਹ ਬਾਜ਼ਾਰ ਤੋਂ ਘਰ ਵਾਪਸ ਆਈਆਂ ਤਾਂ ਵੇਖਿਆ ਕਿ ਘਰ ਦਾ ਤਾਲਾ ਟੁੱਟਾ ਹੋਇਆ ਸੀ ਅਤੇ ਕਮਰੇ ਵਿੱਚ ਪਈ ਗੋਦਰੇਜ ਦੀ ਅਲਮਾਰੀ ਵਿਚੋਂ 80,000 ਰੁਪਏ ਨਕਦੀ ਅਤੇ ਮਾਤਾ ਦੇ ਸੋਨੇ ਦੇ ਗਹਿਣੇ ਵਜਨੀ 02 ਤੋਲੇ ਗਾਇਬ ਸਨ। ਉਸ ਨੇ ਦੱਸਿਆ ਕਿ ਇਹ ਸਾਰਾ ਸਾਮਾਨ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 454, 380 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਜਾਨੋਂ ਮਾਰਨ ਦੀ ਨੀਅਤ ਨਾਲ ਫਾਇਰ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਨੇ ਪਿਸਟਲ ਨਾਲ ਫਾਇਰ ਕਰਕੇ ਜ਼ਖਮੀ ਕਰਨ 'ਤੇ ਤਿੰਨ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸਐੱਚਓ ਧਾਰੀਵਾਲ ਸਰਬਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਇਲਾਕਾ ਥਾਣਾ ਗਸ਼ਤ ਸਬੰਧੀ ਪੁਰਾਣਾ ਬੱਸ ਸਟੈਂਡ ਧਾਰੀਵਾਲ ਮੌਜੂਦ ਸੀ ਕਿ ਇਲਤਾਹ ਮਿਲੀ ਕਿ ਸਾਹਿਲ ਭਗਤ ਉਰਫ ਸੈਲੀ ਪੁੱਤਰ ਜਗਦੀਸ਼ ਰਾਜ ਵਾਸੀ ਫੱਜੂਪੁਰ (ਫੱਤੇਨੰਗਲ) ਨੂੰ ਗੋਲੀਆਂ ਵੱਜੀ

30-Dec-PAGE-12.qxd 12/29/2023 10:09 PM Page 1

ਤਰਸਿੱਕਾ (ਅੰਮ੍ਰਿਤਸਰ) ਵਿਸ਼ੇਸ਼ ਸਪਲੀਮੈਂਟ

ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ
ਸੈਦੋਲੇਹਲ (ਖੁਜਾਲਾ) ਮਹਿਤਾ ਰੋਡ, ਅੰਮ੍ਰਿਤਸਰ
ਵਿਸ਼ੇਸ਼ਤਾਵਾਂ
* ਸਕੂਲ ਵਿੱਚ ਸਮਾਰਟ ਕਲਾਸ ਦੀ ਸੁਵਿਧਾ
* ਖੁੱਲੀ, ਹਵਾਦਾਰ ਸ਼ਾਨਦਾਰ ਬਿਲਡਿੰਗ
*ਆਧੁਨਿਕ ਸਹੂਲਤ ਨਾਲ ਲੈਸ ਸਾਇਸ ਤੇ ਕੰਪਿਊਟਰ ਲੈਬ
* ਮਿਹਨਤੀ ਤੇ ਤਜ਼ਰਬੇਕਾਰ ਸਟਾਫ*
ਬੋਰਡ ਦਾ ਨਤੀਜਾ 100 ਪ੍ਰਤੀਸ਼ਤ ਬੱਚਿਆਂ ਨੂੰ ਘਰਾਂ ਤੋਂ ਲਿਆਉਣ ਲਈ ਬੱਸਾਂ ਦਾ ਖਾਸ ਪ੍ਰਬੰਧ।
ਸ੍ਰੀਮਤੀ ਬਲਵਿੰਦਰ ਕੌਰ ਪ੍ਰਿੰਸੀਪਲ
ਡਾ.ਇੰਦਰਜੀਤ ਸਿੰਘ ਗੁਮਟਾਲਾ ਡਾਇਰੈਕਟਰ
ਦਾਖਲਾ ਸੁਰੂ ਸੰਪਰਕ 98151-37867

ਧੰਨਵਾਦ

ਨਵਜੋਤ ਸਿੰਘ ਬਾਠ ਸਾਧਪੁਰ, ਕਨੇਡਾ

ਤਰਸੇਮ ਸਿੰਘ ਸਾਧਪੁਰ ਪੱਤਰਕਾਰ ਨਵਾਂ ਜ਼ਮਾਨਾ ਤਰਸਿੱਕਾ ਅੰਮ੍ਰਿਤਸਰ ਮੋ. 99882-03163

ਮੈਂ ਸਾਰੇ ਸੱਜਣਾਂ ਮਿੱਤਰਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਜਿੰਨਾਂ ਨੇ ਸਪਲੀਮੈਂਟ ਪ੍ਰਕਾਸ਼ਿਤ ਕਰਨ ਵਿੱਚ ਮੈਨੂੰ ਸਹਿਯੋਗ ਦਿੱਤਾ।

ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰਪੁਰਬ, ਲੋਹੜੀ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ
ਸੰਤ ਬਾਬਾ ਸੱਜਣ ਸਿੰਘ | ਡਾ. ਦਲਬੀਰ ਸਿੰਘ ਵੇਰਕਾ | ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ | ਸ. ਜਰਨੈਲ ਸਿੰਘ ਦੁਧਾਲਾ
ਸ. ਰਣਜੀਤ ਸਿੰਘ ਜੇਠੂਵਾਲ | ਜਸਬੀਰ ਸਿੰਘ ਪੱਟੀ ਪੱਤਰਕਾਰ | ਸੇਰਜੰਗ ਸਿੰਘ ਹੁੰਦਲ ਡੀਪੀਆਰਓ | ਸ. ਧਰਮ ਸਿੰਘ ਸਾਧਪੁਰ
ਡਾ. ਬਲਜੀਤ ਸਿੰਘ ਡੱਡੂਆਣਾ | ਸ. ਗੁਰਵਿੰਦਰ ਸਿੰਘ ਰੰਧਾਵਾ | ਸ. ਬਲਵਿੰਦਰ ਸਿੰਘ ਜੋਨੀ ਸੰਘਰ | ਸ. ਜਗਜੀਤ ਸਿੰਘ ਮੱਲੀ

ਸੰਧੂ ਹਸਪਤਾਲ (ਰਜਿ.)
ਮਹਿਤਾ ਰੋਡ ਡੱਡੂਆਣਾ ਅੰਮ੍ਰਿਤਸਰ
ਫੋਨ.88721-27169,98729-54469
ਸਹੂਲਤਾਂ
*ਹਰ ਕਿਸਮ ਦੇ ਆਪ੍ਰੇਸ਼ਨ ਦੀ ਸਹੂਲਤ।
* ਲੈਬਾਰਟਰੀ ਦੀ ਸਹੂਲਤ।
* ਵੈਂਟੀਲੇਟਰ ਦੀ ਸਹੂਲਤ।
* ਵੈਕਸੀਨੇਸ਼ਨ , ਆਕਸੀਜਨ
* ਦਵਾਈ ਖਾਧੇ ਮਰੀਜ਼ ਦੇ ਇਲਾਜ ਦੀ ਖਾਸ ਸਹੂਲਤ *ਅਲਟਰਾਸਾਊਡ ਦੀ ਸਹੂਲਤ।
* ਨਾਰਮਲ ਡਲਿਵਰੀ ਅਤੇ ਵੱਡੇ ਦੀ ਸਹੂਲਤ।
ਡਾ.ਤੇਜ਼ਪਾਲ ਸਿੰਘ ਸੰਧੂ
ਡਾ. ਤੇਜ਼ਪਾਲ ਸਿੰਘ ਸੰਧੂ(MBBS.PGDNS)
ਐਮਰਜੈਂਸੀ 24 ਘਮਟੇ

ਆਦਰਸ਼ ਮਾਡਲ ਸਕੂਲ
ਫਤਹਿਪੁਰ ਰਾਜਪੂਤਾਂ ਅੰਮ੍ਰਿਤਸਰ
ਸ. ਜਤਿੰਦਰ ਸਿੰਘ ਐਮ.ਡੀ | ਸ੍ਰੀਮਤੀ ਸਵਿੰਦਰ ਕੌਰ ਪ੍ਰਿੰਸੀਪਲ
*ਆਦਰਸ਼ ਬਚਪਨ ਪਲੇਅ ਪੈਨ ਵਿੱਚ ਦਾਖਲਾ ਸ਼ੁਰੂ
* ਨਰਸਰੀ ਤੋਂ 10+2(ਆਰਟਸ, ਕਾਮਰਸ)।
*ਉੱਚ ਸਿੱਖਿਆ ਅਤੇ ਵਿਸ਼ਾ ਮਾਹਿਰ ਤਜਰਬੇਕਾਰ ਅਧਿਆਪਕ *ਵਿਦਿਆਥੀਆਂ ਲਈ ਆਧੁਨਿਕ ਕੰਪਿਊਟਰ ਲੈਬ *ਵਿਦਿਆਥੀਆਂ ਦੇ ਆਉਣ ਜਾਣ ਲਈ ਬੱਸਾਂ ਦਾ ਪ੍ਰਬੰਧ ।
ਸੰਪਰਕ:0183-6544647,9814256494

ਤਰਸਿੱਕਾ ਵਿਸ਼ੇਸ਼ ਸਪਲੀਮੈਂਟ ਦੀਆਂ ਮੁਬਾਰਕਾਂ
ਸ. ਬਲਦੇਵ ਸਿੰਘ ਔਜਲਾ | ਸ. ਯਾਦਵਿੰਦਰ ਸਿੰਘ ਬੱਲ | ਸ. ਨਵਤੇਜ਼ ਸਿੰਘ ਬੱਲ
ਬੱਲ ਖੇਤੀ ਸਟੋਰ ਛੱਜਲਵੱਢੀ, ਡੇਹਰੀਵਾਲ,ਧਾਰੜ,ਰਤਨਗੜ੍ਹ

ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰਪੁਰਬ ਅਤੇ ਨਵੇਂ ਸਾਲ ਦੀਆਂ ਬਹੁਤ ਬਹੁਤ ਮੁਬਾਰਕਾਂ
ਸ.ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ | ਸ.ਸੁਖਜਿੰਦਰਰਾਜ ਸਿੰਘ ਲਾਲੀ ਹਲਕਾ ਇਚਾਰਜ ਮਜੀਠਾ | ਡਾ.ਸਤਿੰਦਰ ਕੌਰ ਗਿੱਲ ਮਜੀਠਾ | ਸ.ਅਜਮੀਤ ਸਿੰਘ ਗਿੱਲ ਮਜੀਠਾ | ਸ. ਜਸਮੀਤ ਸਿੰਘ ਰੰਧਾਵਾ | ਭਾਈ ਦਲੇਰ ਸਿੰਘ ਖਾਲਸਾ ਸਾਧਪੁਰ
ਵੱਲੋਂ: ਭਾਈ ਦਲੇਰ ਸਿੰਘ ਸਾਧਪੁਰ ਸੀ. ਆਪ ਆਗੂ

ਤਰਸਿੱਕਾ ਵਿਸ਼ੇਸ਼ ਸਪਲੀਮੈਂਟ ਦੀਆਂ ਪੱਤਰਕਾਰ ਤਰਸੇਮ ਸਿੰਘ ਸਾਧਪੁਰ ਨੂੰ ਮੁਬਾਰਕਾਂ
ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ | ਸ੍ਰੀ ਸੁਨੀਲ ਜਾਖੜ ਪ੍ਰਧਾਨ ਪੰਜਾਬ | ਸ. ਮਨਜੀਤ ਸਿੰਘ ਮੰਨਣ ਜਿਲ੍ਹਾ ਪ੍ਰਧਾਨ ਅਧਿਕਾਰਤ | ਸ.ਜਸਮਿੱਤਰ ਸਿੰਘ ਚੋਗਾਵਾਂ
ਵੱਲੋ-ਜਸਮਿੱਤਰ ਸਿੰਘ ਚੋਗਾਵਾਂ ਸੀਨੀਅਰ ਆਗੂ ਹਲਕਾ ਜੰਡਿਆਲਾ ਗੁਰੂ

ਭਗਵੰਤ ਮਾਨ ਮੁੱਖ ਮੰਤਰੀ | ਸ.ਜਗਵਿੰਦਰਪਾਲ ਸਿੰਘ ਜੱਗਾ ਮਜੀਠਾ | ਨਿਸ਼ਾਨ ਸਿੰਘ ਨਾਮਧਾਰੀ ਚੋਗਾਵਾਂ ਆਪ ਆਗੂ
ਤਰਸਿੱਕਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ ਤੇ ਪੱਤਰਕਾਰ ਤਰਸੇਮ ਸਿੰਘ ਸਾਧਪੁਰ ਨੂੰ ਮੁਬਾਰਕਾਂ

ਸ. ਸਵਿੰਦਰ ਸਿੰਘ ਕੱਬੂਨੰਗਲ ਸਾਬਕਾ ਵਿਧਾਇਕ
ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰਪੁਰਬ, ਲੋਹੜੀ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ
ਸ.ਭਗਵੰਤਪਾਲ ਸਿੰਘ ਸੱਚਰ ਇਚਾਰਜ ਹਲਕਾ ਮਜੀਠਾ

ਸ. ਬਿਕਰਮ ਸਿੰਘ ਮਜੀਠੀਆ ਸਾਬਕਾ ਕੈਬਨਿਟ ਮੰਤਰੀ
ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ | ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ | ਬੀਬਾ ਗਨੀਵ ਕੌਰ ਮਜੀਠੀਆ ਐਮ.ਐਲ.ਏ | ਮੇਜਰ ਸਿਵਚਰਨ ਸਿੰਘ ਸਿਵੀ ਸਿਆਸੀ ਸਲਾਹਕਾਰ ਮਜੀਠੀਆ
ਗੁਰਪਰਬ ਅਤੇ ਨਵੇਂ ਸਾਲ ਦੀਆਂ ਸਮੂੰਹ ਸੰਗਤਾਂ ਨੂੰ ਲੱਖ-ਲੱਖ ਵਾਧਾਈਆਂ
ਸ. ਸੁਖਵਿੰਦਰ ਸਿੰਘ ਗੋਲਡੀ ਸਾਬਕਾ ਚੇਅਰਮੇਨ ਅਤੇ ਸਿਆਸੀ ਸਲਾਹਕਾਰ ਮਜੀਠੀਆ
ਵੱਲੋਂ -ਸਮੂੰਹ ਅਕਾਲੀ ਵਰਕਰ ਹਲਕਾ ਮਜੀਠਾ

ਡਾ. ਸੰਦੀਪ ਪਾਠਕ ਮੈਂਬਰ ਰਾਜ ਸਭਾ | ਸ੍ਰੀ ਰਾਘਵ ਚੱਢਾ ਮੈਂਬਰ ਰਾਜ ਸਭਾ | ਸ.ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ | ਸ.ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਪੰਜਾਬ | ਸ.ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਪੰਜਾਬ | ਪ੍ਰਿੰ.ਬੁਧ ਰਾਮ ਪ੍ਰਧਾਨ ਆਪ ਪੰਜਾਬ | ਸ.ਜਗਰੂਪ ਸਿੰਘ ਸੇਖਵਾਂ ਜਨਰਲ ਸਕੱਤਰ ਆਪ ਪੰਜਾਬ
ਹਲਕਾ ਮਜੀਠਾ ਦੇ ਸਮੂੰਹ ਨਿਵਾਸ਼ੀਆਂ ਵੱਲੋ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਨਵੇਂ ਸਾਲ ਦੀਆਂ ਲੱਖ-ਲੱਖ ਵਾਧਾਈਆਂ
ਅਰਵਿੰਦ ਕੇਜਰੀਵਾਲ ਆਪ ਸੁਪਰੀਮੋਂ | ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ | ਜਗਵਿੰਦਰਪਾਲ ਸਿੰਘ ਜੱਗਾ ਸੀਨੀਅਰ ਆਗੂ ਆਮ ਆਦਮੀ ਪਾਰਟੀ
ਵੱਲੋਂ: ਸਮੂੰਹ ਇਲਾਕਾ ਨਿਵਾਸ਼ੀ ਆਪ ਹਲਕਾ ਮਜੀਠਾ

ਸ.ਭਗਵੰਤਪਾਲ ਸਿੰਘ ਸੱਚਰ ਸੀਨੀਅਰ ਕਾਂਗਰਸੀ ਆਗੂ | ਸ. ਝਿਰਮਲ ਸਿੰਘ ਬਾਠ ਸਾਧਪੁਰ | ਸ. ਤਜਿੰਦਰ ਸਿੰਘ ਬਾਠ ਤਰਫਾਨ
ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰਪੁਰਬ, ਲੋਹੜੀ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ

ਤਰਸਿੱਕਾ ਵਿਸ਼ੇਸ ਸਪਲੀਮੈਂਟ ਪ੍ਰਕਾਸਿਤ ਕੀਤੇ ਜਾਣ ਤੇ ਪੱਤਰਕਾਰ ਤਰਸੇਮ ਸਿੰਘ ਸਾਧਪੁਰ ਨੂੰ ਮੁਬਾਰਕਾਂ
ਸ.ਬਿਕਰਮ ਸਿੰਘ ਮਜੀਠੀਆ ਸਾਬਕਾ ਕੈਬਨਿਟ ਮੰਤਰੀ | ਬੀਬਾ ਗਨੀਵ ਕੌਰ ਮਜੀਠਾ ਵਿਧਾਇਕ ਹਲਕਾ ਮਜੀਠਾ | ਮੇਜਰ ਸਿਵਚਰਨ ਸਿੰਘ ਸਿਵੀ ਸਿਆਸੀ ਸਲਾਹਕਾਰ ਮਜੀਠੀਆ | ਐਡਵੋਕੇਟ ਬਿਕਰਮਜੀਤ ਸਿੰਘ ਬਾਠ ਭੋਏ | ਸ.ਰਣਧੀਰ ਸਿੰਘ ਬਾਠ ਭੋਏ ਸਰਕਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ

ਪੰਜਾਬ ਕੋਲ ਕਿਸੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ : ਆਪ

ਚੰਡੀਗੜ੍ਹ, (ਗਰਜੀਤ ਬਿੱਲਾ, ਕ੍ਰਿਸ਼ਨ ਗਰਗ)

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਇੱਕ ਵਾਰ ਫਿਰ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਸ਼ਲਾਘਾ ਕੀਤੀ ਹੈ। 'ਆਪ' ਨੇ ਕਿਹਾ ਕਿ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸ਼ੇਖਾਵਤ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਮਾਨ ਨੇ ਇਕ ਵਾਰ ਫਿਰ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਇਸ ਲਈ ਐਸ ਵਾਈ ਐਲ ਦਾ ਨਿਰਮਾਣ ਸਵਾਲ ਤੋਂ ਬਾਹਰ ਹੈ। ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਆਗੂ ਹਰਸੁਖਇੰਦਰ ਸਿੰਘ (ਬੱਬੀ) ਬਾਦਲ ਨੇ ਕਿਹਾ ਕਿ ਪੰਜਾਬ ਨੂੰ 52 ਐਮ ਏ ਐਫ ਪਾਣੀ ਦੀ ਲੋੜ ਹੈ ਪਰ ਸਾਡੇ ਕੋਲ ਸਿਰਫ਼ 14 ਐਮ ਏ ਐਫ ਪਾਣੀ ਹੈ ਇਸ ਲਈ ਅਸੀਂ ਪਹਿਲਾਂ ਹੀ ਪਾਣੀ ਦੀ ਕਮੀ ਨਾਲ ਜੂਝ ਰਹੇ ਹਾਂ ਅਤੇ ਅਸੀਂ ਖੇਤੀ ਪ੍ਰਧਾਨ ਸੂਬਾ ਹਾਂ।ਇਸ ਲਈ ਸਾਡਾ ਸਟੈਂਡ ਸਪੱਸ਼ਟ ਹੈ ਕਿ ਐਸ ਵਾਈ ਐਲ ਦਾ ਨਿਰਮਾਣ ਸੰਭਵ ਨਹੀਂ ਹੈ, ਇਸ ਦੀ ਬਜਾਏ ਪੰਜਾਬ ਨੂੰ ਯਮੁਨਾ ਦਾ ਪਾਣੀ ਮਿਲਣਾ ਚਾਹੀਦਾ ਹੈ ਅਤੇ ਉਸ ਲਈ ਵਾਈ ਐਸ ਐਲ ਦੀ ਉਸਾਰੀ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ 70 ਫੀਸਦੀ ਹਿੱਸਾ ਡਾਰਕ ਜ਼ੋਨ ਵਿੱਚ ਹੈ ਅਤੇ ਅਸੀਂ ਦੂਜੇ ਸੂਬਿਆਂ ਨੂੰ ਪਾਣੀ ਨਹੀਂ ਦੇ ਸਕਦੇ।ਉਨ੍ਹਾਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਭਾਜਪਾ ਦੇ ਕੌਮੀ ਆਗੂਆਂ ਸਾਹਮਣੇ ਪੰਜਾਬ ਦੇ ਹੱਕਾਂ ਲਈ ਉਠਾਉਣ ਅਤੇ ਵਕਾਲਤ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਨੂੰ ਪਿਆਰ ਕਰਨ ਦਾ ਦਾਅਵਾ ਕਰਦੀ ਹੈ ਪਰ ਉਹ ਉਸ ਗੱਲ 'ਤੇ ਨਹੀਂ ਚੱਲ ਰਹੀ, ਕਿਉਂਕਿ ਹਰ ਮੋੜ 'ਤੇ ਪੰਜਾਬ ਅਤੇ ਇਸ ਦੇ ਹੱਕਾਂ ਲਈ ਆਵਾਜ਼ ਉਠਾਉਣ ਦੀ ਬਜਾਏ ਪੰਜਾਬ ਦੇ ਭਾਜਪਾ ਆਗੂ ਮੋਦੀ ਭਗਤ ਬਣਨ ਦਾ ਰਾਹ ਚੁਣ ਰਹੇ ਹਨ।ਬੱਬੀ ਬਾਦਲ ਨੇ ਗਣਤੰਤਰ ਦਿਵਸ ਦੀ ਪਰੇਡ ਲਈ ਪੰਜਾਬ ਦੀ ਝਾਕੀ ਨੂੰ ਰੱਦ ਕਰਨ ਦੇ ਮੁੱਦੇ 'ਤੇ ਭਾਜਪਾ ਆਗੂ ਜਾਖੜ ਨੂੰ ਵੀ ਘੇਰਿਆ ਅਤੇ ਕਿਹਾ ਕਿ ਜਾਖੜ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀਆਂ ਫੋਟੋਆਂ ਵਾਲੀ ਝਾਕੀ ਬਾਰੇ ਝੂਠ ਬੋਲ ਰਹੇ ਹਨ।ਆਪ ਆਗੂ ਨੇ ਕਿਹਾ ਕਿ ਅਸਲ 'ਚ ਭਾਜਪਾ ਸਾਡੇ ਮੁੱਖ ਮੰਤਰੀਆਂ ਮਾਨ ਅਤੇ ਕੇਜਰੀਵਾਲ ਦੇ ਕੰਮ ਅਤੇ ਲੋਕਪ੍ਰਿਅਤਾ ਤੋਂ ਬੇਖਬਰ ਹੈ ਇਸ ਲਈ ਉਹ ਇਹ ਬੇਬੁਨਿਆਦ ਦੋਸ਼ ਲਗਾ ਰਹੇ ਹਨ।ਬੱਬੀ ਬਾਦਲ ਨੇ ਅੱਗੇ ਕਿਹਾ ਕਿ ਪੰਜਾਬ ਦੀਆਂ ਝਾਕੀਆਂ 'ਚ ਸਾਡੇ ਸ਼ਹੀਦਾਂ ਦਾ ਇਤਿਹਾਸ, ਮਾਈ ਭਾਗੋ (ਮਹਿਲਾ ਸਸ਼ਕਤੀਕਰਨ) ਅਤੇ ਸਾਡੇ ਸੂਬੇ ਦਾ ਸੱਭਿਆਚਾਰ ਅਤੇ ਵਿਰਸਾ ਸ਼ਾਮਲ ਹੈ ਅਤੇ ਆਦਰਸ਼ਕ ਤੌਰ 'ਤੇ ਸੁਨੀਲ ਜਾਖੜ ਨੂੰ ਸਾਡੇ ਸ਼ਹੀਦਾਂ, ਸਾਡੀਆਂ ਔਰਤਾਂ ਅਤੇ ਸਾਡੇ ਸੱਭਿਆਚਾਰ ਲਈ ਸਟੈਂਡ ਲੈਣਾ ਚਾਹੀਦਾ ਹੈ ਪਰ ਉਹ ਸੂਬੇ ਨਾਲ ਧੋਖਾ ਕਰ ਰਹੇ ਹਨ ਅਤੇ ਭਾਜਪਾ ਦਾ ਤੋਤਾ ਬਣਨਾ ਚੁਣ ਰਹੇ ਹਨ।

ਸੀਚੇਵਾਲ ਨੇ ਪੰਜਾਬ ਨੂੰ ਹਰਿਆ-ਭਰਿਆ ਕਰਨ ਲਈ ਵੰਡੇ ਸਵਾ ਤਿੰਨ ਲੱਖ ਬੂਟੇ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ, ਹਨੀ)

ਆਲਮੀ ਤਪਸ਼ 'ਚੋਂ ਲੰਘ ਰਹੇ ਸੰਸਾਰ 'ਚ ਪੰਜਾਬ ਲਈ ਸਾਲ 2023 ਸੁਖਦ ਰਿਹਾ ਜਦੋਂ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ 'ਚ ਸਵਾ ਤਿੰਨ ਲੱਖ ਬੂਟੇ ਵੰਡੇ ਗਏ। ਪੰਜਾਬ ਵਿੱਚ ਜੰਗਲ ਹੇਠ ਰਕਬਾ ਘੱਟਦਾ ਜਾ ਰਿਹਾ ਹੈ ਇਸ ਸੰਕਟ ਨੂੰ ਦੂਰ ਕਰਨ ਲਈ ਸੰਤ ਸੀਚੇਵਾਲ ਲਗਾਤਾਰ ਬੂਟੇ ਪ੍ਰਸ਼ਾਦ ਦੇ ਰੂਪ 'ਚ ਵੰਡ ਰਹੇ ਹਨ। ਸਾਲ 2023 ਦੌਰਾਨ ਸਵਾ ਤਿੰਨ ਲੱਖ ਬੂਟੇ ਸੀਚੇਵਾਲ ਦੀਆਂ ਦੋ ਨਰਸਰੀਆਂ 'ਚੋਂ ਵੰਡੇ ਗਏ ਹਨ। 1 ਜਨਵਰੀ 2023 ਦੀ ਸ਼ੁਰੂਆਤ ਵੀ ਬੂਟੇ ਲਾਉਣ ਨਾਲ ਹੀ ਕੀਤੀ ਗਈ ਸੀ। ਇਹ ਮੁਹਿੰਮ ਲਗਾਤਾਰ ਸਾਰਾ ਸਾਲ ਜਾਰੀ ਰਹੀ। ਮਾਘੀ ਅਤੇ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨਾਂ 'ਚ ਵੱਡੀ ਪੱਧਰ 'ਤੇ ਬੂਟਿਆਂ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ। ਸ਼ਾਲ 2023 ਵਿੱਚ ਗੁਰੂ ਨਾਨਕ ਦੇਵ ਜੀ 554ਵੇਂ ਪ੍ਰਕਾਸ਼ ਪੁਰਬ ਮੌਕੇ ਆਯੋਜਿਤ ਕੀਤੇ 5 ਨਗਰ ਕੀਰਤਨ ਸਭ ਤੋਂ ਵੱਧ ਚਰਚਾ 'ਚ ਰਹੇ। ਕਿਉਂਕਿ ਇਹਨਾਂ ਨਗਰ ਕੀਰਤਨਾਂ 'ਚ 31 ਹਜ਼ਾਰ ਬੂਟੇ ਪ੍ਰਸ਼ਾਦ ਦੇ ਰੂਪ 'ਚ ਵੰਡੇ ਗਏ ਸਨ ਤੇ ਇਹਨਾਂ ਨਗਰ ਕੀਰਤਨ ਨੂੰ ਹਰੇ ਨਗਰ ਕੀਰਤਨ ਦੇ ਤੌਰ ਤੇ ਯਾਦ ਕੀਤਾ ਜਾਵੇਗਾ। ਸਾਲ ਦੇ ਆਖਰੀ ਦਿਨਾਂ ਵਿੱਚ ਵੀ ਬੂਟੇ ਲਾਉਣ ਦੀ ਮੁਹਿੰਮ ਨੂੰ ਸਾਰਾ ਸਾਲ ਜਾਰੀ ਰੱਖਣ ਤੇ ਸੰਤ ਸੀਚੇਵਾਲ ਨੇ ਸੇਵਾਦਾਰਾਂ ਤੇ ਸਮੂਹ ਵਾਤਾਵਰਣ ਪ੍ਰੇਮੀਆਂ ਦਾ ਧੰਨਵਾਦ ਕਰਦਿਆ ਕਿਹਾ ਕਿ ਹਰ ਸਾਲ ਆਪਣੇ ਸਕੇ ਸੰਬੰਧੀਆਂ ਦੇ ਜਨਮ ਦਿਨ ਮੌਕਿਆਂ 'ਤੇ ਹੋਰ ਖੁਸ਼ੀਆਂ ਤੇ ਗਮੀਆਂ ਦੇ ਮੌਕਿਆਂ ਦੌਰਾਨ ਵੀ ਬੂਟੇ ਲਗਾ ਕੇ ਮਨਾਉਣੇ ਚਾਹੀਦੇ ਹਨ।

ਦਿਹਾਣਾ 'ਚ ਸਾਲਾਨਾ ਮਹਾਨ ਗੁਰਮਤਿ ਸਮਾਗਮ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਦਿਹਾਣਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਅਤੇ ਸਮੂਹ ਸ਼ਹੀਦਾਂ ਸਿੰਘਾਂ ਦੇ ਸ਼ਹੀਦੀ ਦਿਹਾੜੇ ਮੌਕੇ ਰਾਤਰੀ ਦੇ ਧਾਰਮਿਕ ਸਮਾਗਮ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਬਰਿੰਦਰ ਸਿੰਘ ਜਸਵਾਲ ਨੇ ਦੱਸਿਆ ਕਿ ਸਾਲਾਨਾ ਸ਼ਹੀਦੀ ਜੋੜ ਮੇਲ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸ਼ਹੀਦੀ ਦੌਰਾ